
AKHAND KIRTANI JATHA (REGD.)

# ਆਤਮ ਰੰਗ

ਜਿਲਦ ੨੩ ਅਗਸਤ 2022 ਸਾਵਣ-ਭਾਦਰੋਂ 554 ਨਾਨਕਸ਼ਾਹੀ August 2022 ਅੰਕ 8




ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1947 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 12.08.2022 ਤੋਂ ਲੈ ਕੇ 15.08.2022 ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ ਅਖੰਡ ਕੀਰਤਨੀ ਜੱਥਾ, ਅੰਬਾਲਾ ਛਾਉਣੀ ਵੱਲੋਂ ਮਨਾਇਆ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੇ ਕਿ ਇਹਨਾਂ ਸਮਾਗਮਾਂ ਵਿੱਚ ਹਾਜਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਲਵੋ ਤੇ ਅਪਣਾ ਜੀਵਨ ਸਫਲਾ ਕਰੋ ਜੀ। ਸਮਾਗਮ ਦਾ ਵੇਰਵਾ ਪੰਨਾ ਨੰ. 33 ਤੇ ਵੇਖ ਲਿਆ ਜਾਵੇ ਜੀ।

## ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥















ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 21.07.2022 ਤੋਂ ਲੈ ਕੇ 24.07.2022 ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋੜ, ਸ਼ਿਮਲਾ ਵਿਖੇ ਮਨਾਇਆ ਗਿਆ। ਇਸ ਸਾਲ ਇਹ ਸਮਾਗਮ ਖਾਸ ਤੌਰ ਤੇ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ, ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ, ਤੇ ਕਾਕਾ ਅਗੰਮਜੋਤ ਸਿੰਘ ਦਿਆਲਪੁਰ ਇਨ੍ਹਾਂ ਸਾਰੀਆਂ ਦੀ ਮਿੱਠੀ, ਪਿਆਰੀ ਤੇ ਨਿੱਘੀ ਯਾਦ ਵਿਚ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਅਖੰਡ ਕੀਰਤਨੀ ਜੱਥੇ ਦੀ ਮੈਗਜ਼ੀਨ 'ਆਤਮ ਰੰਗ' ਦੀ ਵੈਬਸਾਇਟ ਜੱਥੇ ਦੇ ਸ਼ਿਮਲਾ ਸਮਾਗਮ ਤੇ ਜਾਰੀ ਕੀਤੀ ਗਈ। ਸ਼ਿਮਲਾ ਸਮਾਗਮ ਤੇ ਸਹਿਜਧਾਰੀ ਪਰਿਵਾਰਾਂ ਦੇ 25 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਲੀਤੀ।

ੴ ਠਾਕੁਰ ਗਾਈਐ ਆਤਮ ਰੰਗਿ ੴ

AKHAND KIRTANI JATHA (REGD.)

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ

ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੩ ਅਗਸਤ 2022 ਸਾਵਣ-ਭਾਦਰੋਂ 554 ਨਾਨਕਸ਼ਾਹੀ Aug 2022 ਅੰਕ 8


**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ


*ਮੁੱਖ ਸੰਪਾਦਕ*

*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

*ਦ.ਫ਼ਤਰ*

*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*

*ਫ਼ੋਨ ਅਤੇ ਵਟਸਐਪ : 98143-00245, 75289-00045*

**E-mail :** atamrang3@gmail.com

**Website :** www.akjatamrangmagazine.org

*ਕਾਨੂੰਨੀ ਸਲਾਹਕਾਰ*

*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*


**ਚੰਦਾ**

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।

"This Gurmat Magazine contains Gurbani, please treat with respect."

**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*


ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– (ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਅੰਮ੍ਰਿਤ ਕਿਸ ਨੂੰ ਤੇ ਕਿਵੇਂ ਮਿਲਦਾ ਹੈ ? 9
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਲਿਆ ਗਿਆ ਪਹਿਲਾ ਹੁਕਮਨਾਮਾ 14
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਅੱਜ ਦਾ ਵਾਤਾਵਰਣ 15
  *– ਭਾਈ ਮਨਮੋਹਣ ਸਿੰਘ ਜੀ*
- ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਵੇਰਵਾ 16
- ਧੁਰ ਕੀ ਬਾਣੀ ਆਈ 18
  *– ਬੀਬੀ ਅਜੀਤ ਕੌਰ ਜੀ*
- ਬਾਣੀ ਗੁਰੂ, ਗੁਰੂ ਹੈ ਬਾਣੀ 20
  *– ਭਾਈ ਹਰਦਿਆਲ ਸਿੰਘ ਜੀ*
- ਉੱਠ ਜਾਗ ਗੁਰੂ ਗੁਰੂ ਕਰ ਪਿਆਰੇ 22
  *– ਭਾਈ ਨਿਰਮਲ ਸਿੰਘ ਜੀ*
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਦੋਂ ਲਿਖੀ ਗਈ ? 23
  *– (ਗੁਰਪੁਰਵਾਸੀ) ਪ੍ਰੋ. ਸੰਤੋਖ ਸਿੰਘ ਜੀ*
- ਗੁਰੂ ਗ੍ਰੰਥ ਅਤੇ ਪੰਥ 25
  *– ਗਿਆਨੀ ਗੁਰਦਿੱਤ ਸਿੰਘ ਜੀ, ਚੰਡੀਗੜ੍ਹ*
- ਚਵਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 28
  *– ਗਿਆਨੀ ਜੀਤ ਸਿੰਘ ਜੀ*
- ਗਿਆਨੀ ਦਿੱਤ ਸਿੰਘ ਜੀ ਪੰਥ ਰਤਨ 29
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ., ਖਰੜ*

## *ਸੰਪਾਦਕੀ...*

"ਗੁਰਮੂਰਤ ਗੁਰ ਸਬਦੁ ਹੈ", ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਐਸਾ ਉੱਚ ਅਨੁਭਵੀ ਸੰਦੇਸ਼ ਹੈ, ਜਿਸ ਨੂੰ ਸਮਝਣ ਵਿਚ ਬਾਕੀ ਸੰਸਾਰ ਦੇ ਧਰਮ ਤਾਂ ਕੀ, ਸਿਖ ਧਰਮ 'ਤੇ ਚਲਣਹਾਰੇ ਭੀ ਵਿਰਲੇ ਹਨ, ਜਿਨ੍ਹਾਂ ਨੇ ਗੁਰਸ਼ਬਦ ਨੂੰ ਗੁਰੂ ਦੀ ਪਰਤੱਖ ਹਸਤੀ ਮੰਨ ਕੇ, ਆਤਮਿਕ ਰਾਹ ਉੱਤੇ ਆਪ ਚੱਲ ਕੇ ਅਤੇ ਆਪਣੇ ਨਾਲ ਦੇ ਅਨੇਕਾਂ ਸੰਗੀ ਸਾਥੀਆਂ ਨੂੰ ਗੁਰਮੂਰਤ ਦੇ ਦਰਸ਼ਨ ਕਰਵਾਏ। ਐਸੇ ਗੁਰਸਿੱਖ ਧੰਨ ਹਨ।

ਵਿਸ਼ਵ ਧਰਮਾਂ ਦੇ ਇਤਿਹਾਸ ਵਿਚ ਇਹ ਗੱਲ ਨਵੀਂ ਅਤੇ ਨਿਵੇਕਲੀ ਹੈ ਕਿ ਗੁਰੂ ਦੀ ਰਚੀ ਬਾਣੀ ਹੀ, ਗੁਰੂ ਹੈ । ਕੁਰਾਨ, ਅੰਜੀਲ ਅਤੇ ਤੌਰੇਤ, ਜੈਨ ਅਤੇ ਬੁੱਧ ਧਰਮ ਦੇ ਧਰਮ ਗ੍ਰੰਥ, ਹਿੰਦੂ ਧਰਮ ਦੇ ਅਨੇਕਾਂ ਪ੍ਰਕਾਰ ਦੇ ਗ੍ਰੰਥ, ਜਿਨ੍ਹਾਂ ਨੂੰ ਧਰਮ ਗ੍ਰੰਥਾਂ ਵਿਚ ਗਿਣਿਆ ਜਾਂਦਾ ਹੈ, ਇਹ ਸਾਰੇ ਦੇ ਸਾਰੇ ਸਤਿਕਾਰ ਯੋਗ ਧਰਮ ਗ੍ਰੰਥ ਤਾਂ ਹਨ, ਪਰ ਕਿਸੇ ਨੂੰ ਗੁਰੂ ਦੀ ਪਦਵੀ ਪ੍ਰਾਪਤ ਨਹੀਂ। ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਸ ਨੂੰ ਗੁਰੂ ਦੀ ਪਦਵੀ ਖੁਦ ਦਸਵੇਂ ਪਾਤਿਸ਼ਾਹ ਨੇ ਆਪ ਇਨ੍ਹਾਂ ਅੱਗੇ ਮੱਥਾ ਟੇਕ ਕੇ, ਪੂਰਨ ਮਰਿਆਦਾ ਅਨੁਸਾਰ ਗੁਰਗੱਦੀ ਦੀ ਸੌਂਪਣਾ ਉਵੇਂ ਹੀ ਕੀਤੀ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਪਹਿਲਾਂ ਆਪ ਮੱਥਾ ਟੇਕਿਆ ਤੇ ਫਿਰ ਸਾਰੀ ਸਿੱਖ ਸੰਗਤ ਨੇ ਭਾਈ ਲਹਿਣਾ ਜੀ ਨੂੰ ਗੁਰੂ ਕਰਕੇ ਮੰਨਿਆ ਅਤੇ ਮੱਥਾ ਟੇਕਿਆ ਸੀ। ਭਾਈ ਗੁਰਦਾਸ ਜੀ ਦੇ ਇਹਨਾਂ ਬੋਲਾਂ ਵਿਚ ਬੜਾ ਰਹੱਸ ਲੁਕਿਆ ਹੋਇਆ ਹੈ :

***ਬਾਬਾ ਮੜ੍ਹੀ ਨ ਗੋਰ, ਗੁਰੂ ਅੰਗਦ ਕੇ ਹੀਏ ਮਹਿ॥***

ਜਿਸ ਆਤਮਿਕ ਅਵਸਥਾ ਦੇ ਸ੍ਰੀ ਗੁਰੂ ਨਾਨਕ ਸਾਹਿਬ ਆਪ ਮਾਲਕ ਸਨ, ਉਹ 'ਜੋਤਿ ਸਰੂਪ' ਦੀ ਅਵਸਥਾ ਆਖੀ ਜਾਂਦੀ ਹੈ। ਪੈਗੰਬਰ ਅਤੇ ਅਵਤਾਰ-ਧਾਰੀ ਸਭ ਦੇਹ ਸਰੂਪ ਤਕ ਵਿਚਰਦੇ ਰਹੇ, ਦੇਹ ਸਰੂਪ ਨਾਲ ਆਪਣੇ ਪੈਰੋਕਾਰਾਂ ਨੂੰ ਜੋੜ ਕੇ ਚਲੇ ਗਏ। ਸਤਿਜੁਗ ਤੋਂ ਕਲਿਜੁਗ ਤਕ ਦੇ ਇਕ ਜੁਗ-ਚੌਕੜੇ (ਚਾਰ ਜੁਗਾਂ) ਦੀ ਉਮਰ ੨੬ ਲੱਖ ਸਾਲ ਤੋਂ ਵੱਧ ਹੁੰਦੀ ਹੈ। ਇਹਨਾਂ ਜੁਗਾਂ ਵਿਚ ਪਰਗਟ ਹੋਏ ਅਵਤਾਰਾਂ ਦੀ ਲੱਖਾਂ ਸਾਲਾਂ ਤੋਂ ਦੇਹ-ਰੂਪ ਵਿਚ ਮੂਰਤੀਆਂ ਬਣਾ ਬਣਾ ਕੇ ਪੂਜਾ ਹੁੰਦੀ ਆ ਰਹੀ ਹੈ।

ਇਹ ਮੂਰਤੀ ਪੂਜਾ ਨੀਵੇਂ ਧਰਾਤਲ 'ਤੇ ਮਨੁੱਖ ਨੂੰ ਰੱਖਦੀ ਆਈ ਹੈ ਤੇ ਰੱਖਦੀ ਰਹੇਗੀ। ਈਸਾਈ ਜਾਂ ਮੁਸਾਈ ਅਤੇ ਇਸਲਾਮ ਨੇ ਮੂਰਤੀ ਪੂਜਾ ਤਾਂ ਨਹੀਂ ਕਰਵਾਈ, ਪਰ ਉਹ ਭੀ ਸ੍ਰਿਸ਼ਟੀ ਦੇ ਪ੍ਰਲੈ ਹੋਣ ਤੋਂ ਮਗਰੋਂ ਜਜਮੈਂਟ ਡੇ (Judgement Day) ਦੀ ਉਡੀਕ ਵਿਚ ਮੁਰਦਿਆਂ ਨੂੰ ਦੱਬ ਛੱਡਦੇ ਹਨ, ਜੋ ਉਸ ਕਿਆਮਤ ਵਾਲੇ ਦਿਨ ਕਬਰਾਂ ਵਿਚੋਂ ਉਠ ਕੇ ਰੱਬ ਅੱਗੇ ਬਤੌਰ ਮੁਲਜ਼ਮ ਪੇਸ਼ ਹੋਣਗੇ। ਇਸ ਸਾਰੀ ਕਿਰਿਆ ਵਿਚ ਪੈਗ਼ਬਰ, ਰੱਬ ਅਤੇ ਮੁਰਦੇ-ਸਰੀਰ ਰੂਪ ਵਿਚ ਕਲਪਿਤ ਕੀਤੇ ਗਏ ਹਨ। ਕੀ ਜੋਤਿ ਸਰੂਪ ਦੀ ਇਨ੍ਹਾਂ ਪੈਗੰਬਰਾਂ ਨੂੰ ਕੋਈ ਸੋਝੀ ਨਹੀਂ ਸੀ? ਕੀ ਹਜ਼ਾਰਾਂ ਲੱਖਾਂ ਸਾਲ ਕਬਰਾਂ ਵਿਚ ਪਏ ਮੁਰਦਿਆਂ ਦੇ ਸਰੀਰ ਸਾਬਤ ਰਹਿ ਜਾਣਗੇ?

ਧੰਨ ਗੁਰੂ ਨਾਨਕ ਸਾਹਿਬ ਦਾ ਜੋਤਿ ਸਰੂਪ ਸਿਧਾਂਤ-

***ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥***
***ਨਿਰੰਕਾਰ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥***
***ਅੰਗ - ੧੩੯੫***

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੋਈ ਗੀਤ ਨਹੀਂ ਹਨ, ਇਹ ਤਾਂ ਬ੍ਰਹਮ-ਵੀਚਾਰ ਹਨ। ਬਾਣੀ ਧੁਰ ਤੋਂ, ਭਾਵ ਅਕਾਲ ਪੁਰਖ ਦੀ ਜੋਤਿ ਤੋਂ ਪ੍ਰਕਾਸ਼ਮਾਨ ਹੋਈ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਭੀ ਅਕਾਲੀ ਜੋਤਿ ਤੋਂ ਹੋਇਆ ਸੀ।

***ਸਤਿਗੁਰ ਵਿਚ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥ ਅੰਗ - ੪੬੬***

ਸਮੁੱਚੀ ਗੁਰਬਾਣੀ ਦਾ ਪ੍ਰਕਾਸ਼ ਅਕਾਲ ਪੁਰਖ ਜੀ ਦੀ ਜੋਤਿ ਤੋਂ ਹੋਇਆ ਹੈ ਤਾਂ ਹੀ ਤਾਂ ਇਸ਼ਾਰੇ ਨਾਲ ਸੰਕੇਤ ਕਰ ਦਿੱਤਾ -

***ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥ ਅੰਗ - ੭੯੭***

ਗੁਰਬਾਣੀ ਦਾ ਪ੍ਰੇਮ ਸਹਿਤ ਅਭਿਆਸ ਕਰਨ ਨਾਲ, ਅਭਿਆਸੀ ਜੋਤਿ ਸਰੂਪ ਨਾਲ ਅੰਤਰ-ਆਤਮੇ ਮਿਲ ਜਾਂਦਾ ਹੈ।

ਅਜੇ ਪੰਜ ਸੌ ਸਾਲ ਤੋਂ ਕੁਝ ਥੋੜ੍ਹਾ ਵੱਧ ਸਮਾਂ ਹੀ

ਹੋਇਆ ਹੈ ਕਿ ਸਿਖ ਕੌਮ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ, ਬਜਾਏ ਜੋਤਿ ਸਰੂਪ ਵਿਚ ਸਮਝਣ ਦੇ, ਦੇਹ ਸਰੂਪ ਵਿਚ ਜਾਂ ਵੇਦ ਮੰਤਰਾਂ ਵਾਂਗ ਮੰਤਰ ਸਰੂਪ ਵਿਚ ਮੰਨ ਬੈਠੀ ਹੈ। ਥਾਂ ਥਾਂ ਗੁਰਦੁਆਰਿਆਂ, ਗੁਰਧਾਮਾਂ ਵਿਖੇ ਜਾਂ ਸਿਖ ਸਾਧਾਂ ਦੇ ਡੇਰਿਆਂ ਵਿਚ ਅਖੰਡ ਪਾਠਾਂ ਦੀਆਂ ਲੜੀਆਂ ਚੱਲ ਰਹੀਆਂ ਹਨ। ਕਿਤੇ ਸੰਪਟ ਪਾਠ ਕੀਤੇ ਜਾ ਰਹੇ ਹਨ। ਭਾਵੇਂ 'ਸੰਪਟ' ਦੇ ਅਰਥ ਬਹੁਤ ਥੋੜ੍ਹੇ ਸ਼ਰਧਾਲੂਆਂ ਨੂੰ ਆਉਂਦੇ ਹਨ। ਇਹ ਸਭ ਕੁਝ ਗੁਰੂ ਨੂੰ ਦੇਹ ਸਰੂਪ ਮੰਨ ਕੇ ਆਪਣੀ ਇੱਛਾ ਪੂਰਤੀ ਲਈ ਕੀਤਾ ਤੇ ਕਰਵਾਇਆ ਜਾ ਰਿਹਾ ਹੈ। ਇਸ ਨਾਲ ਸਿੱਖ ਕੌਮ ਵਿਚ ਇਕ ਨਵੇਂ ਕਿਸਮ ਦੇ ਵਰਗ ਨੇ ਜਨਮ ਲਿਆ ਹੈ - ਪਾਠ ਕਰਨਹਾਰੇ 'ਪਾਠੀ', ਜੋ ਪਾਠ ਕਰਕੇ ਪੈਸੇ ਲੈਂਦੇ ਹਨ। ਬਾਣੀ ਪੜ੍ਹਨ ਦੇ ਰੇਟ ਬੰਨ੍ਹੇ ਹੋਏ ਹਨ। ਜ਼ਰਾ ਸੋਚੋ, ਕੀ ਗੁਰੂ ਅਰਜਨ ਸਾਹਿਬ ਸਾਡੀ ਇਸ ਕਾਰਵਾਈ 'ਤੇ ਖ਼ੁਸ਼ ਹੋਣਗੇ? ਕੀ ਉਨ੍ਹਾਂ, ਜੋਤਿ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਤਨੀ ਘਾਲਣਾ ਘਾਲ ਕੇ ਸੰਪਾਦਨਾ ਇਸ ਕਿਸਮ ਦੇ ਪਾਠਾਂ ਦੇ ਯਗ ਚਲਾਉਣ ਲਈ ਕੀਤੀ ਸੀ? ਨਹੀਂ! ਬਿਲਕੁਲ ਨਹੀਂ!

ਅਸੀਂ ਉਹਨਾਂ ਦੇ ਖਰੇ ਤੇ ਚੰਗੇ ਵਾਰਿਸ ਨਹੀਂ ਬਣ ਸਕੇ। ਸਾਨੂੰ ਉਹ ਵਡਮੁੱਲਾ ਹੀਰਾ ਦੇ ਕੇ ਗਏ ਸਨ, ਅਸੀਂ ਇਸ ਹੀਰੇ ਦਾ ਵਪਾਰੀਕਰਣ ਕਰਕੇ ਗੁਰਬਾਣੀ ਦੀ ਮਾਨ-ਪ੍ਰਤਿਸ਼ਟਾ ਘਟਾਈ ਹੈ । ਹੁਣ ਸਮਾਂ ਹੈ, ਪਰਤੱਖ ਗੁਰੂ ਦੇ ਜੋਤਿ ਸਰੂਪ ਦੀ ਪਹਿਚਾਣ ਕਰਕੇ ਜੋਤਿ ਨਾਲ ਜੁੜਨ ਦਾ ਜਤਨ ਕਰੀਏ!

# ਬਾਰਹ ਮਾਹ ਕਥਾ

*[(ਸਵਰਗ-ਵਾਸੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥ ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥ ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥ ਅੰਗ - 134***

**ਅਰਥ**

ਜਿਨ੍ਹਾਂ ਨੇ ਇਕ ਸ਼ਹੁ ਨੂੰ ਛੱਡ ਕੇ ਦੂਜੇ ਨਾਲ ਪਿਆਰ ਪਾਇਆ, ਉਹ ਭਾਦੋਂ ਦੇ ਮਹੀਨੇ ਭਰਮ ਵਿਚ ਭੁੱਲ ਗਈਆਂ। ਉਹ ਭਾਵੇਂ ਲੱਖਾਂ ਹੀ ਹਾਰ ਸ਼ਿੰਗਾਰ ਲਾਉਣ, ਪਰ (ਪਤੀ) ਪਰਮੇਸ਼ਰ ਤੋਂ ਬਿਨਾਂ ਕਿਸ ਕੰਮ? ਜਿਸ ਦਿਨ ਦੇਹ ਬਿਨਸ ਗਈ ਉਸ ਵੇਲੇ ਤਾਂ (ਲੋਕਾਂ) ਪ੍ਰੇਤ ਹੀ ਸੱਦਣਾ ਹੈ।

(ਕੀਤੇ ਕਰਮ ਹੀ ਭਿਆਨਕ ਦੂਤਾਂ ਦਾ ਰੂਪ ਧਾਰ) ਪਕੜ ਲੈ ਜਾਣਗੇ, ਤੇ ਕਿਸੇ ਨੂੰ ਕੋਈ ਭੇਤ ਨਹੀਂ ਮਿਲਣਾ (ਜੋ ਸਹਾਇਤਾ ਹੀ ਕਰ ਸਕੇ)। ਜਿਨ੍ਹਾਂ ਨਾਲ ਪਿਆਰ ਪਾਇਆ ਹੈ, ਉਨ੍ਹਾਂ ਨੇ ਪਲ ਭਰ ਵਿਚ ਛੱਡ ਕੇ ਪਾਸੇ ਹੋ ਜਾਣਾ ਹੈ। (ਉਸ ਵੇਲੇ ਤਾਂ ਕਦੇ ਸ਼ਰਮਿੰਦਗੀ ਦੇ ਮਾਰੇ) ਹੱਥ ਮਲਣਗੀਆਂ ਤੇ ਰੰਗ ਕਾਲਾ ਪੈ ਜਾਏਗਾ (ਅਤੇ ਕਦੇ ਭੈਅ ਦੇ ਮਾਰੇ ਚੇਹਰੇ 'ਤੇ ਸਫ਼ੈਦੀ ਛਾ ਜਾਵੇਗੀ)।

(ਪਰ) ਇਹ ਤੇਰੇ ਆਪਣੇ ਹੀ ਕਰਮਾਂ ਦਾ ਖੇਤ ਹੈ, ਜੇਹਾ ਬੀਜਿਆ ਹੈ ਉਹ ਹੀ ਵੱਢਣਾ ਪਵੇਗਾ। (ਹਾਂ, ਇਕ ਇਲਾਜ ਵੀ ਹੈ) ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਜੋ ਪ੍ਰਭੂ ਦੀ ਸ਼ਰਨੀਂ ਆ ਜਾਵੇ ਤਾਂ ਉਹ ਆਪਣੇ ਚਰਨਾਂ ਦੇ ਬੋਹਿਥ (ਜਹਾਜ਼) 'ਤੇ ਸਵਾਰ ਕਰਕੇ ਇਸ ਭਉਜਲ ਤੋਂ ਪਾਰ ਕਰ ਦੇਵੇਗਾ, ਤੇ ਗੁਰੂ ਨਾਲ ਪਿਆਰ ਰੱਖਣ ਦੇ ਕਾਰਨ ਤੇਰਾ ਨਰਕਾਂ ਤੋਂ ਬਚਾਉ ਹੋ ਜਾਵੇਗਾ।



# ਅਣਡਿੱਠੀ ਦੁਨੀਆ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਜਿਸ ਅਗਮ ਅਗੋਚਰ ਪਾਰਬ੍ਰਹਮ ਦੀ ਗਤਿ ਮਿਤ ਪਾਉਣ ਖ਼ਾਤਰ ਉਹ ਭੰਬਲ-ਭੂਸੇ ਖਾਂਦੇ ਫਿਰਦੇ ਹਨ, ਉਸ ਪਾਰਬ੍ਰਹਮ ਪਰਮੇਸ਼ਰ ਅਦ੍ਰਿਸ਼ਟ ਅਗੋਚਰ ਦਾ ਸਤਿਗੁਰੂ ਦੀ ਕਿਰਪਾ ਕਰਿ ਗੁਰਸਿਖ ਦੇ ਮਨ ਮੰਝਾਰ ਹੀ ਪਰਕਾਸ਼ ਉਜਿਆਰਾ ਹੋ ਗਇਆ ਹੈ; ਤਿਨ੍ਹਾਂ ਦਾ ਸਗਲਾ ਅਗਿਆਨ ਅੰਧਿਆਰਾ ਅਤੇ ਮਨ-ਮਤਸਰੀ ਖ਼ੁਦੀ ਤਕੱਬਰੀ''ਦਾ ਭਰਮ-ਭੋਲਾਵਾ ਸਭ ਮਿਟ ਗਿਆ ਹੈ ।''ਸਰਬ ਪਾਸਿਆਂ ਤੋਂ ਘੁੜਿਆ ਹੋਇਆ ਜੋ ਮਨਸ਼ਾ ਧਾਰ ਕੇ ਸਰਧਾ ਸੰਯੁਕਤ''ਗੁਰੂ ਘਰ ਦੀ ਸਾਧ ਸੰਗਤ ਵਿਖੇ ਆਉਂਦਾ ਹੈ, ਉਸਦਾ ਜਨਮ ਮਰਨ ਦਾ ਸਗਲ''ਸਹਿਸਾ ਮਿਟ ਜਾਂਦਾ ਹੈ । ਚਉਰਾਸੀਹ ਦਾ ਗੇੜ ਹੀ ਉਸਦਾ ਨਿਵਾਰਿਆ ਜਾਂਦਾ''ਹੈ। ਉਸ ਦੇ ਸਗਲ ਆਸਾ-ਮਈ ਮਨੋਰਥ ਪੂਰੇ ਹੋ ਜਾਂਦੇ ਹਨ, ਪਾਰਸਮਈ ਗੁਰੂ ਘਰ''ਦੇ ਅਤੇ ਗੁਰੂ ਸਰੂਪ ਸਾਧ ਸੰਗਤ ਦੇ ਦਰਸ਼ਨ ਪਰਸਨ ਸਾਰ ਹੀ; ਨਿਗੁਰਿਓਂ ਸਗੁਰੇ ਹੋ ਕੇ ਅੰਮ੍ਰਿਤਧਾਰੀ ਸਤਿ ਦਰਬਾਰੀ ਭੇਟਨ-ਹਾਰੀ ਹੋਣ ਸਾਰ ਹੀ ਅਤੇ ਗੁਰ-ਮੰਤ੍ਰ ਗੁਰ-ਦੀਖਿਆ ਮਿਲਣ ਸਾਰ ਹੀ। ਉਹ ਫੇਰ ਗੁਣ ਨਿਧਾਨ ਅੰਮ੍ਰਿਤ ਹਰਿ-ਨਾਮ ਨੂੰ ਧਿਆਇ ਧਿਆਇ ਜੀਂਵਦੇ ਹਨ ਅਤੇ ਸੁਖ-ਜੀਵਨੀ ਜੀਵੰਦੇ ਵਿਗਸੀਵੰਦੇ ਹਨ। ਐਸਾ ਅਦ੍ਰਿਸ਼ਟ ਅਗੋਚਰ ਪ੍ਰਭੂ ਇਉਂ ਉਹਨਾਂ ਦਾ ਜੀਅ-ਪ੍ਰਾਨ ਮਨਹਿ ਅਧਾਰਾ ਹੋ ਜਾਂਦਾ ਹੈ ਅਤੇ ਭਗਤ ਜਨ ਓਸਦੇ ਅਪਾਰ ਗੁਣਾਂ ਨੂੰ ਗਾਇ ਗਾਇ''ਹਰੇ ਥੀਵੰਦੇ ਹਨ। ਯਥਾ ਗੁਰਵਾਕ -

*ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ॥*
*ਭਗਤ ਜੀਵਹਿ ਗੁਣ ਗਾਇ ਅਪਾਰਾ॥*
*ਗੁਣਨਿਧਾਨੁ ਅੰਮ੍ਰਿਤੁ ਹਰਿ ਨਾਮਾ*
*ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ॥੧॥*
*ਮਨਸਾ ਧਾਰਿ ਜੋ ਘਰ ਤੇ ਆਵੈ॥*
*ਸਾਧ ਸੰਗਿ ਜਨਮੁ ਮਰਣੁ ਮਿਟਾਵੈ॥*
*ਆਸ ਮਨੋਰਥੁ ਪੂਰਨੁ ਹੋਵੈ*
*ਭੇਟਤ ਗੁਰ ਦਰਸਾਇਆ ਜੀਉ॥੨॥*
*ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ॥*
*ਸਾਧਿਕ ਸਿਧ ਧਿਆਵਹਿ ਗਿਆਨੀ॥*
*ਖੁਦੀ ਮਿਟੀ ਚੂਕਾ ਭੋਲਾਵਾ*
*ਗੁਰਿ ਮਨਹੀ ਮਹਿ ਪ੍ਰਗਟਾਇਆ ਜੀਉ॥੩॥*
*ਅਨਦ ਮੰਗਲ ਕਲਿਆਣ ਨਿਧਾਨਾ॥*
*ਸੂਖ ਸਹਜ ਹਰਿ ਨਾਮੁ ਵਖਾਨਾ॥*
*ਹੋਇ ਕ੍ਰਿਪਾਲੁ ਸੁਆਮੀ ਅਪਨਾ*
*ਨਾਉ ਨਾਨਕ ਘਰ ਮਹਿ ਆਇਆ ਜੀਉ॥੪॥੨੫॥੩੨॥*
*ਅੰਗ - ੧੦੩-੪*

ਅਨਦ ਮੰਗਲ-ਮਈ ਕਲਿਆਨ ਦਾ ਨਿਧਾਨ ਉਸਨੂੰ ਪ੍ਰਾਪਤ ਹੋਇਆ ਹੈ ਜਿਸ ਨੇ ਸੁਖ ਸਹਿਜ ਨਾਮ ਵਖਾਨਿਆ, ਸਿਮਰਨ ਸਿਮਰਾਨਿਆ, ਜਾਪ ਜਪਾਨਿਆ ਹੈ। ਨਾਮ ਨਿਧਾਨੀ ਪਰਧਾਨੀ ਨਾਮੀ ਵਾਹਿਗੁਰੂ ਸੁਆਮੀ ਅਗਮ ਅਗਾਮੀ, ਉਸ ਦੇ ਹਿਰਦੇ ਰੂਪੀ ਘਰ ਅੰਦਰਿ ਜੋਤਿ-ਜੋਤੀਸ਼ਰ ਹੋਇ ਆਇ ਪ੍ਰਗਟੰਨੇ ਹਨ। ਗੁਰੂ ਨਾਨਕ ਸਾਹਿਬ ਜਾਚਨਾ ਜਚਾਉਂਦੇ ਹਨ ਅਤੇ ਅਸਾਡੇ ਪ੍ਰਤੀ ਜਾਚਨਾ ਜਚਾਉਣੀ ਸਿਖਾਉਂਦੇ ਹਨ ਕਿ ਐਸੇ ਜੋਤੀਸ਼ਰ ਘਟ-ਪ੍ਰਗਟੀਸ਼ਰਾਂ ਸੰਤ ਜਨਾਂ ਦੀ, ਹੇ ਪਿਆਰੇ ਪ੍ਰੀਤਮ ਸਿਰਜਨਹਾਰ ਕਰਤਾਰ! ਸਾਨੂੰ ਖ਼ਾਕ ਧੂੜੀ ਪਾਕ ਦੇਹ, ਹੇ ਹਰੀ ਪ੍ਰਮਾਤਮਾ! ਤੇਰੇ ਦੁਆਰੇ ਆਇ ਪਏ ਹਾਂ। ਐਸੇ ਸੰਤਾਂ ਦਾ ਦਰਸ਼ਨ ਪੇਖ-ਪਰਸ ਕੇ ਹੀ ਮਨ ਅਘਾਇ ਜਾਂਦਾ ਹੈ ਅਤੇ ਤਿਨ੍ਹਾਂ ਦੇ ਸੰਗ ਮਿਲ ਕੇ ਅਦ੍ਰਿਸ਼ਟ ਅਗੋਚਰ ਪਰਮਾਤਮਾ ਦਾ ਮਿਲਣਾ ਸੁਭਾਇ ਸਹਿਜਾਨਾ ਹੀ ਹੋ ਜਾਂਦਾ ਹੈ, ਨਹੀਂ ਤਾਂ ਹੇ ਅਗੰਮ ਅਗੋਚਰ ਬੇਅੰਤ ਅਥਾਹਾ ਪਰਮੇਸ਼ਰਾ! ਹੋਰ ਕਿਸੇ ਤੋਂ ਤੇਰੀ ਕੀਮਤਿ ਕਥੀ ਨਹੀਂ ਜਾਂਦੀ। ਜਿਸ ਨੂੰ ਤੂੰ ਜਣਾਉਂਦਾ ਹੈਂ, ਸੋਈ ਤੁਧਨੋ ਜਾਣ ਪਛਾਣ ਸਕਦਾ ਹੈ। ਨਾ ਕੋਈ ਮੂਰਖ ਹੋ ਨ ਸਿਆਣਾ ਹੈ। ਸਭ ਵਿਚ ਤੇਰਾ ਭਾਣਾ ਵਰਤਦਾ ਹੈ, ਯਥਾ ਗੁਰਵਾਕ

*ਨਾ ਕੋ ਮੂਰਖੁ ਨਾ ਕੋ ਸਿਆਣਾ॥*
*ਵਰਤੈ ਸਭ ਕਿਛੁ ਤੇਰਾ ਭਾਣਾ॥*

*ਅਗਮ ਅਗੋਚਰ ਬੇਅੰਤ ਅਥਾਹਾ*
*ਤੇਰੀ ਕੀਮਤਿ ਕਹਣੁ ਨ ਜਾਈ ਜੀਉ॥੩॥*
*ਖਾਕੁ ਸੰਤਨ ਕੀ ਦੇਹੁ ਪਿਆਰੇ॥*
*ਆਇ ਪਇਆ ਹਰਿ ਤੇਰੈ ਦੁਆਰੈ॥*
*ਦਰਸਨੁ ਪੇਖਤ ਮਨੁ ਆਘਾਵੈ*
*ਨਾਨਕ ਮਿਲਣੁ ਸੁਭਾਈ ਜੀਉ ॥੪॥੭॥੧੪॥*

*ਅੰਗ - ੯੮*

ਨਿਰੰਕਾਰ ਵਾਹਿਗੁਰੂ ਜਿਸ ਦਾ ਤ੍ਰੈਗੁਣੀ ਅਕਾਰ ਕੋਈ ਨਹੀਂ, ਨਾ ਰੂਪ ਹੈ ਨਾ ਰੇਖ ਹੈ, ਨਾ ਰੰਗ ਹੈ, ਉਹ ਭਲਾ ਪੰਜ-ਭੂਤਕ ਅਲਪੱਗ ਦ੍ਰਿਸ਼ਟੀ ਦਾ ਵਿਸ਼ਾ, ਸਨਮੁਖ ਵਿਸ਼ਾ ਕਦ ਹੋ ਸਕਦਾ ਹੈ। ਜਿਨ੍ਹਾਂ ਨੂੰ ਦਿਬ ਦ੍ਰਿਸ਼ਟੇ ਦੀਦਿਆਂ ਦੀ ਬਖ਼ਸ਼ਿਸ਼ ਹੋਈ ਹੁੰਦੀ ਹੈ, ਓਹਨਾਂ ਨੂੰ ਪਹਿਲਾਂ ਨਿਰੰਕਾਰੀ ਨਾਮ ਧਿਆਵਣ ਦੀ ਨਦਰ ਗੁਰੂ ਦੁਆਰਿਓਂ ਹੋ ਜਾਂਦੀ ਹੈ। ਗੁਰਪ੍ਰਸਾਦ ਕਰਿ ਨਿਰੰਕਾਰੀ ਨਾਮ ਧਿਆਇ ਕੇ ਉਹਨਾਂ ਦੇ ਦਿਬ ਦ੍ਰਿਸ਼ਟੀ ਵਾਲੇ ਦੀਦੇ ਖੁਲ੍ਹ ਜਾਂਦੇ ਹਨ। ਦਿਬ ਦ੍ਰਿਸ਼ਟੇ ਦੀਦੇ ਖੁੱਲ੍ਹਣ ਸਾਰ ਉਹਨਾਂ ਨੂੰ ਉਸ ਅਦ੍ਰਿਸ਼ਟ ਅਗੋਚਰ ਆਦਿ ਪੁਰਖ ਅਪਰੰਪਰ ਸੁਆਮੀ ਦੇ ਪਰਤੱਖ ਦਰਸ਼ਨ ਹੋ ਜਾਂਦੇ ਹਨ। ਉਹ ਸੁਆਮੀ ਜੋ ਅਟਾ ਅਗਮ ਅਗੋਚਰਾ ਹੁੰਦਾ ਹੋਇਆ ਇਸ ਦ੍ਰਿਸ਼ਟਮਾਨ ਪਸਾਰੇ ਨੂੰ ਅਸਥਾਪਨ ਕਰਨਹਾਰਾ ਅਤੇ ਥਾਪ ਉਥਾਪਨਹਾਰਾ ਹੈ, ਕੈਸਾ ਅਸਚਰਜ ਹੈ! ਥਾਪਨਹਾਰ ਦੀ ਹੀ ਥਾਪਨਾ ਹੈ ਜਿੰਨਾ ਦ੍ਰਿਸ਼ਟਮਾਨ ਪਸਾਰਾ ਦੀਹਦਾ ਹੈ, ਪਰ ਥਾਪਨਹਾਰਾ ਦਿਸਦਾ ਹੀ ਨਹੀਂ। ਦਿਸੇ ਕਿਵੇਂ? ਉਸ ਨੂੰ ਦੇਖਣਹਾਰ ਦਿਬ-ਦੀਦੇ ਹੀ ਕਿਸੇ ਦੇ ਨਹੀਂ। ਦਿਬ-ਲਤੀਫ਼ੀ ਅਨਸਰਾਂ ਵਾਲੇ ਰੀਆ-ਗੁਣੀ ਥਾਂਪਨੀਰੀ ਈਸ਼ਰ ਦੀ, ਦਿਬ-ਲਤੀਫ਼ੀ ਦ੍ਰਿਸ਼ਟੀ ਅਕਾਲ ਪੁਰਖ ਦਾ ਦਰਸ ਮਿਲਾਪ ਵਾਲੀਆਂ ਨੈਣਾਂ ਹੀ ਪੇਖ ਪਛਾਣ ਸਕਦੀਆਂ ਹਨ। ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਇਹ ਅਖੜੀਆਂ ਅਤੇ (ਬਖ਼ਸ਼ਸ਼) ਹੋਈਆਂ ਹਨ, ਜਿਨ੍ਹਾਂ ਦੁਆਰਾ ਅਲਖ ਨਿਰੰਜਨ ਨਿਰੰਕਾਰ ਕਰਤਾਰ ਸਰੀਹਨ ਸਾਖਸ਼ਾਤ ਦਿਸਦਾ ਹੈ। ਗੁਰਮੁਖ ਜਨਾਂ ਦੀਆਂ ਅਲਖ ਲਖਵਾਣੀਆਂ, ਅਲਖ ਨੂੰ ਲਖਣੀਆਂ ਅਖੜੀਆਂ ਹੀ ਇਹ ਦਿੱਬ ਦ੍ਰਿਸ਼ਟਾਰ, ਦਿੱਬ ਅਕਾਲ ਮੂਰਤਾਰੜਾ ਦੀਦਾਰ ਕਰ ਸਕਦੀਆਂ ਹਨ। ਇਹ ਦਿੱਬ ਦ੍ਰਿਸ਼ਟੀਅਰੜੇ ਨੈਨ ਤਿਨ੍ਹਾਂ ਗੁਰਮੁਖਾਂ ਨੂੰ ਹੀ ਮਿਲਦੇ ਹਨ, ਜਿਨ੍ਹਾਂ ਨੂੰ ਦਇਆਲ ਕਿਰਪਾਲ ਪ੍ਰਭੂ ਆਪ ਨਦਰੀ ਨਦਰ ਨਿਹਾਲ ਹੋਇ, ਗੁਰ ਪ੍ਰਸਾਦ ਕਰਿ, ਨਿਰੰਕਾਰੀ ਨਾਮ ਦੀ ਬਖ਼ਸ਼ਸ਼ ਕਰਦਾ ਹੈ। ਨਿਰੰਕਾਰੀ ਨਾਮ ਅਭਿਆਸ"ਜਾਪ ਕਰਦਾ ਹੋਇਆ, ਉਹ ਖ਼ੁਦ ਨਾਮ ਨਿਰੰਕਾਰ ਦੇ ਸਰੂਪ ਵਿਚ ਹੀ ਸਮਾਇ ਜਾਂਦਾ ਹੈ।

ਹੇ ਵਾਹਿਗੁਰੂ, ਕਰਤਾਰ! ਤੂੰ ਆਪੇ ਸੱਚਾ ਸਿਰਜਨਹਾਰ ਹੈਂ, ਤੂੰ ਭਗਤੀ ਭਰੇ ਭੰਡਾਰਾਂ ਵਾਲਾ ਹੈਂ। ਜਿਨ੍ਹਾਂ ਗੁਰਮੁਖਾਂ ਨੂੰ ਤੇਰੀ ਸਚੜੀ ਗੁਰੂ-ਦਰਗਾਹੀ ਟਕਸਾਲ ਤੋਂ ਅਕਾਲ ਮੂਰਤਾਲੀ ਨਾਮ ਮਿਲਦਾ ਹੈ, ਤਿਨ੍ਹਾਂ ਦਾ ਹੀ ਮਨ ਭਿਜਦਾ ਹੈ ਤੇ ਸਚੇ ਦਰਸ਼ਨਾਂ ਨੂੰ ਦੇਖਦਾ ਪਤੀਜਦਾ ਹੈ। ਐਸੇ ਸਦ ਰੰਗ ਢੋਲੇ ਦੇ ਰਤੋਲੜੇ ਚੋਲੜਿਆਂ ਵਾਲੇ ਗੁਰਮੁਖ ਜਨ, ਰੱਬੀ ਰੰਗ ਨਾਲ ਭਿੱਜ ਪਰਸਿੱਜ ਕੇ, ਨਾਮੀ ਵਾਹਿਗੁਰੂ ਨੂੰ ਪੇਖਣ-ਸਾਰ ਹੀ, ਉਸ ਦੇ ਸਰੂਪ ਵਿਚ ਸਹਿਜ ਸਮਾਧ ਸਥਿਤ ਹੋ ਜਾਂਦੇ ਹਨ। ਸਹਿਜ ਸਮਾਧ ਸਮਾਇਕੇ, ਉਹਨਾਂ ਦੀ ਸਹਿਜ ਸਮਾਧੀ ਲੱਗੀ ਹੀ ਰਹਿੰਦੀ ਹੈ। ਇਸ ਸਹਿਜ ਲਗੀ ਸਮਾਧੀ ਵਿਚ ਭੀ ਉਹਨਾਂ ਦੀ ਪ੍ਰੇਮ-ਰੰਗ ਪ੍ਰਸਿੱਜੜੀ ਟੋਰ ਪੁਕਾਰ ਇਹੋ ਰਹਿੰਦੀ ਹੈ - 'ਹੇ ਪ੍ਰਭੂ ਪ੍ਰੀਤਮ ਮੇਰੇ! ਮੈਂ ਅਨਦਿਨ (ਦਿਨ ਰਾਤ) ਤੇਰੇ ਗੁਣ ਗਾਉਂਦਾ ਹੀ ਰਹਾਂ, ਤੈਨੂੰ ਸਲਾਹੁੰਦਾ ਸਿਫਤਾਉਂਦਾ ਹੀ ਰਹਾਂ। ਗੁਰਪ੍ਰਸਾਦੀ ਤੈਨੂੰ ਪਾਵਨ-ਹਾਰਿਆਂ, ਦਰਸਾਵਨ-ਹਾਰਿਆਂ ਦੀ ਹੋਰ ਜਾਚਨਾ ਹੀ ਕੋਈ ਨਹੀਂ ਰਹਿੰਦੀ, ਨਾ ਹੋਰ ਮਨੋਂ ਉਹ ਜਾਚਨਾ ਕਰਦੇ ਹਨ। ਹੇ ਸੱਚੇ ਪਾਤਸ਼ਾਹ! ਸਚਮੁਚ ਤੁਧ ਅਗੰਮ ਅਗੋਚਰ ਦੀ ਗਤਿ ਮਿਤ ਪਾਈ ਹੀ ਨਹੀਂ ਜਾਂਦੀ। ਜਿਸਨੂੰ ਤੂੰ ਆਪਣੀ ਕਿਰਪਾ ਕਰਹਿੰ, ਤਿਸ ਨੂੰ ਆਪ ਹੀ ਆਪਣੇ ਸਰੂਪ ਅਰੂਪ ਦਰਸ਼ਨ ਅਨੂਪ ਵਿਖੇ ਮਿਲਾਇ ਵਸਲਾਇ ਲਵੇਂ। ਇਹ ਅਨੂਪ ਵਸਲ-ਮਿਲਾਪ ਗੁਰੂ ਪੂਰੇ ਦੇ ਸ਼ਬਦ-ਅਭਿਆਸ ਪਰਤਾਪ ਕਰਿ ਨਸੀਬ ਹੁੰਦਾ ਹੈ। ਬਸ ਗੁਰ-ਸ਼ਬਦ ਦੀ ਅਭਿਆਸ ਸੇਵ-ਕਮਾਈ ਸਰਬ ਸੁਖਾਂ ਸਿਰ ਸੁਖ, ਸਚੜੇ ਸੁਖਾਂ ਦੀ ਦਾਤੀ ਪਰਦਾਤੀ ਹੈ। ਯਥਾ ਗੁਰਵਾਕ -

*ਆਦਿ ਪੁਰਖੁ ਅਪਰੰਪਰੁ ਆਪੇ॥*
*ਆਪੇ ਥਾਪੇ ਥਾਪਿ ਉਥਾਪੇ॥*
*ਸਭ ਮਹਿ ਵਰਤੈ ਏਕੋ ਸੋਈ*
*ਗੁਰਮੁਖਿ ਸੋਭਾ ਪਾਵਣਿਆ॥੧॥*
*ਹਉ ਵਾਰੀ ਜੀਉ ਵਾਰੀ*
*ਨਿਰੰਕਾਰੀ ਨਾਮੁ ਧਿਆਵਣਿਆ॥*
*ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ*
*ਗੁਰਮੁਖਿ ਅਲਖੁ ਲਖਾਵਣਿਆ॥੧॥ਰਹਾਉ॥*
*ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ॥*
*ਤੁਧੁ ਬਿਨੁ ਦੂਜਾ ਅਵਰੁ ਨ ਕੋਈ॥*
*ਗੁਰੁ ਪਰਸਾਦੁ ਕਰੇ ਨਾਮੁ ਦੇਵੈ*
*ਨਾਮੇ ਨਾਮਿ ਸਮਾਵਣਿਆ॥੨॥*
*ਤੂੰ ਆਪੇ ਸਚਾ ਸਿਰਜਣਹਾਰਾ॥*
*ਭਗਤੀ ਭਰੇ ਤੇਰੇ ਭੰਡਾਰਾ॥*
*ਗੁਰਮੁਖਿ ਨਾਮੁ ਮਿਲੈ ਮਨੁ ਭੀਜੈ*
*ਸਹਜਿ ਸਮਾਧਿ ਲਗਾਵਣਿਆ॥੩॥*
*ਅਨਦਿਨੁ ਗੁਣ ਗਾਵਾ ਪ੍ਰਭ ਤੇਰੇ॥*
*ਤੁਧੁ ਸਾਲਾਹੀ ਪ੍ਰੀਤਮ ਮੇਰੇ॥*
*ਤੁਧੁ ਬਿਨੁ ਅਵਰੁ ਨ ਕੋਈ ਜਾਚਾ*
*ਗੁਰਪਰਸਾਦੀ ਤੂੰ ਪਾਵਣਿਆ॥੪॥*

# ਅੰਮ੍ਰਿਤ ਕਿਸ ਨੂੰ ਤੇ ਕਿਵੇਂ ਮਿਲਦਾ ਹੈ?

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਇਹ ਅੰਮ੍ਰਿਤ-ਨਾਮ ਜਿਸ ਨੂੰ ਮਿਲਿਆ ਹੈ, ਅਤੇ ਜਿਸ ਨੇ ਇਸ ਦੀ ਅਭਿਆਸ ਕਮਾਈ ਕੀਤੀ ਹੈ, ਉਸ ਵਡਭਾਗੀ ਗੁਰਮੁਖ-ਜਨ ਨੂੰ ਇਸ ਦਾ ਅਗਾਧ ਸੁਆਦ ਆਇਆ ਹੈ, ਇਸ ਸੁਆਦ ਦੇ ਮੁਕਾਬਲੇ ਵਿਚ ਉਸ ਨੂੰ ਹੋਰਸ ਰਸਾਂ ਕਸਾਂ ਦੇ ਸੁਆਦ ਸਭ ਫਿਕੇ ਪ੍ਰਤੀਤ ਹੋਏ ਹਨ। ਉਹ ਉਹਨਾਂ ਬਿਖ-ਰਸ ਸੁਆਦਾਂ ਵਿਚ ਲਗਦੇ ਹੀ ਨਹੀਂ। ਜਿਸ ਜਿਸ ਜਨ ਨੇ ਇਸ ਅੰਮ੍ਰਿਤ-ਨਾਮ ਮਹਾਂ ਰਸ ਨੂੰ ਪੀਤਾ ਹੈ, ਸੋ ਅਮਰ ਹੋ ਗਿਆ ਹੈ ਅਤੇ ਪੀ ਪੀ ਕੇ ਤ੍ਰਿਪਤ ਹੋ ਗਿਆ ਹੈ। ਪ੍ਰੰਤੂ ਇਹ ਅੰਮ੍ਰਿਤ-ਨਾਮ-ਨਿਧਾਨ ਗੁਰੂ ਘਰ ਵਿਖੇ ਗੁਰਮੰਤ੍ਰ ਮਿਲਣ ਕਰੋ ਅਤੇ ਇਸ ਗੁਰਮੰਤ੍ਰ ਦੇ ਸਦਾ ਮਨ ਵੁਠੇ ਰਹਿਣ ਕਰਿ ਪ੍ਰਾਪਤ ਹੁੰਦਾ ਹੈ। ਯਥਾ ਗੁਰਵਾਕ -

*ਅੰਮ੍ਰਿਤ ਨਾਮੁ ਸਦਾ ਨਿਰਮਲੀਆ॥*
*ਸੁਖਦਾਈ ਦੂਖ ਬਿਡਾਰਨ ਹਰੀਆ॥*
*ਅਵਰਿ ਸਾਦ ਚਖਿ ਸਗਲੇ ਦੇਖੇ*
*ਮਨ ਹਰਿ ਰਸੁ ਸਭ ਤੇ ਮੀਠਾ ਜੀਉ॥੧॥*
*ਜੋ ਜੋ ਪੀਵੈ ਸੋ ਤ੍ਰਿਪਤਾਵੈ॥*
*ਅਮਰੁ ਹੋਵੈ ਜੋ ਨਾਮ ਰਸੁ ਪਾਵੈ॥*
*ਨਾਮੁ ਨਿਧਾਨ ਤਿਸਹਿ ਪਰਾਪਤਿ*
*ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ॥੨॥੨੨॥*
*ਅੰਗ - ੧੦੦੧*

ਬੜੇ ਸ਼ੋਕ ਵਾਲੀ ਗੱਲ ਹੈ ਕਿ ਗੁਰੂ ਘਰ ਵਿਖੇ ਆ ਕੇ ਅਤੇ ਗੁਰੂ ਦੇ ਸਿਖ ਸਦਾ ਕੇ ਭੀ ਬਹੁਤਿਆਂ ਨੂੰ ਇਹ ਅੰਮ੍ਰਿਤ-ਨਾਮ-ਨਿਧਾਨ ਪ੍ਰਾਪਤ ਨਹੀਂ ਹੁੰਦਾ। ਇਸ ਦਾ ਵੱਡਾ ਕਾਰਨ ਇਹ ਹੈ ਕਿ ਓਹਨਾਂ ਨੂੰ ਪਹਿਲਾਂ ਤਾਂ ਅੰਮ੍ਰਿਤ-ਨਾਮ-ਨਿਧਾਨੀ ਗੁਰਮੁਖ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਦਾ ਸੁਭਾਗ ਹੀ ਨਹੀਂ ਜੁੜਦਾ, ਜਿਸ ਦੇ ਨਾਂ ਜੁੜਨ ਕਰਕੇ ਓਹਨਾਂ ਨੂੰ ਗੁਰਮਤਿ ਨਾਮੁ ਗੁਰਮੰਤ੍ਰ ਹੀ ਨਹੀਂ ਮਿਲਦਾ, ਨਾ ਹੀ ਹੋਰ ਕਿਸੇ ਬਿਧਿ ਮਿਲ ਸਕਦਾ ਹੈ। ਗਰਮੰਤ੍ਰ ਨਾਮ ਦੇ ਪੂਰਨ ਗੁਰਮਤਿ ਬਿਧੀ ਅਨੁਸਾਰ ਨਾ ਮਿਲਣ ਕਰਕੇ ਨਾਮ ਦ੍ਰਿੜ੍ਹ ਨਹੀਂ ਹੁੰਦਾ। ਦ੍ਰਿੜ ਹੋਏ ਬਾਝੋਂ ਨਾਮ ਅਭਿਆਸ ਦੀ ਕਮਾਈ ਨਹੀਂ ਹੋ ਸਕਦੀ। ਕਮਾਈ ਕੀਤੇ ਅੰਮ੍ਰਿਤ ਬਿਨਾਂ ਬੀਜ ਮਾਤਰ ਨਾਮ-ਗੁਰਮੰਤ੍ਰ ਅੰਮ੍ਰਿਤ-ਰਸ-ਕਲਾ ਵਿਚ ਫੁਲਦਾ ਫਲਦਾ ਨਹੀਂ। ਅੰਮ੍ਰਿਤ-ਰਸ-ਕਲਾ ਅਤੇ ਸਫਲ ਫਲਾ ਸੰਪੂਰਨੀ ਗਤਿ ਪ੍ਰਾਪਤ ਹੋਏ ਬਿਨਾਂ ਗੁਰਸਿਖ ਜਗਿਆਸੂ ਡਿਗਣ ਡੋਲਣ ਦੇ ਖ਼ਤਰੇ ਤੋਂ ਰਹਿਤ ਨਹੀਂ ਹੋ ਸਕਦਾ। ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਮੰਤ੍ਰਾਇਆ ਦ੍ਰਿੜਾਇਆ ਅਤੇ ਕਮਾਇਆ ਨਾਮ ਹੀ, ਨਾਮ-ਅਭਿਆਸ-ਕਮਾਈ-ਕਰਨਹਾਰੇ ਗੁਰਸਿਖ ਨੂੰ ਡਿਗਣ ਡੋਲਣ ਦੇ ਖ਼ਤਰੇ ਤੋਂ ਰਹਿਤ ਕਰ ਸਕਦਾ ਹੈ। ਯਥਾ ਗੁਰਵਾਕ -

*ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ॥*
*ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥੨॥੫॥*
*ਅੰਗ - ੬੭੧*

ਜਿਨ੍ਹਾਂ ਨੇ ਰਸਮ ਪੂਰਬਕ ਹੀ ਅੰਮ੍ਰਿਤ ਛਕਿਆ ਹੈ, ਜਿਨ੍ਹਾਂ ਨੂੰ ਨਾਮ ਕਮਾਈ ਵਾਲੇ ਗੁਰਮੁਖਿ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਦਾ ਸੁਭਾਗ ਨਹੀਂ ਜੁੜਿਆ, ਓਹਨਾਂ ਉਤੇ ਨਾ ਹੀ ਅੰਮ੍ਰਿਤ ਕਲਾ ਵਰਤਦੀ ਹੈ, ਨਾ ਹੀ ਉਨ੍ਹਾਂ ਦਾ ਜੀਵਨ ਹੀ ਤਤਕਾਲ ਨਵਜਨਮਾ, ਗਵਨ ਮਿਟਨਵਾ ਜੀਵਨ ਹੋ ਸਕਦਾ ਹੈ। ਨਾ ਹੀ ਓਹਨਾਂ ਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਨਾਮ ਗੁਰਮੰਤ੍ਰ ਉਹਨਾਂ ਨੂੰ ਮਿਲਦਾ ਹੀ ਨਹੀਂ, ਮਿਲੇ ਤਾਂ ਜੋ ਪੰਜੇ ਪਿਆਰੇ ਖੁਦ ਨਾਮ ਦੇ ਅਭਿਆਸੀ ਅਤੇ ਨਾਮ-ਅਭਿਆਸ ਕਮਾਈਆਂ ਕਮਲ-ਵਿਗਾਸੀ ਹੰਸਲੇ ਹੋਣ। ਜਦ ਅੰਮ੍ਰਿਤ ਨਾਮ ਓਹਨਾਂ ਅੰਮ੍ਰਿਤ ਛਕਣ-ਹਾਰਿਆਂ ਦੇ ਅੰਦਰ ਬੀਜ ਮਾਤਰ ਭੀ ਆਕ੍ਰਿਤ ਨਹੀਂ ਹੁੰਦਾ ਤਦ ਓਹਨਾਂ ਨੇ ਕੀ ਨਾਮ ਅਭਿਆਸ-ਕਮਾਈਆਂ ਕਰਨੀਆਂ ਹਨ? ਅਤੇ ਕੀ ਉਸ ਅੰਮ੍ਰਿਤ ਨੇ ਫਲੀਭੂਤ ਹੋਣਾ ਹੈ? ਅਤੇ ਕੀ ਅਮਰ ਕਲਾ ਵਰਤਣੀ ਹੈ? ਅਤੇ ਕੀ ਉਹਨਾਂ ਨੂੰ ਅੰਮ੍ਰਿਤ ਦੀ ਮਹੱਤਤਾ ਦਾ ਸ਼ਊਰ ਹੋਣਾ ਹੈ? ਉਹਨਾਂ ਦਾ ਇਹ ਕਹਿਣਾ ਕਿਸੇ ਅਰਥ ਨਹੀਂ ਕਿ ਕਿਸੇ ਹਾਲਤ ਵਿਚ ਭੀ ਦੂਜੀ ਵਾਰ ਅੰਮ੍ਰਿਤ ਨਹੀਂ ਛਕਿਆ ਜਾਣਾ ਚਾਹੀਦਾ। ਜੇ ਸੱਚ ਮੁੱਚ ਅੰਮ੍ਰਿਤ ਦੀ ਕਦਰ-

ਕੀਮਤ ਹੈ ਤਾਂ ਅੰਮ੍ਰਿਤ ਛਕ ਕੇ ਅੰਮ੍ਰਿਤ ਉਤੋ ਤਤਪਰ ਅਤੇ ਕਾਇਮ ਰਹਿਣਾ ਸਮੇਂ ਦਰਸਾਈਆਂ ਦ੍ਰਿੜਾਈਆਂ ਰਹਿਤ-ਰਹਿਣੀਆਂ ਦੇ ਰੱਖਣ ਕਮਾਉਣ ਚਾਹੀਏ, ਨਾ ਕਿ ਪਤਿਤ ਕਰਮਾਂ ਵਿਚ ਪਰਵਿਰਤ ਹੋਣੀਂ ਭੀ ਸੰਕੋਚ ਨਾ ਕੀਤਾ ਜਾਏ। ਅੰਮ੍ਰਿਤਧਾਰੀ ਹੋ ਕੇ, ਅੰਮ੍ਰਿਤ-ਰਸੀਆ ਹੋ ਕੇ ਜੇ ਫੇਰ ਜ਼ਹਿਰ ਪੀਂਦਾ ਫਿਰੇ ਤਾਂ ਉਸ ਦੇ ਮਹਾਂ ਅਭਾਗ ਹਨ।

*ਜੋ ਹਲਾਹਲ ਸੋ ਪੀਵੈ ਬਉਰਾ॥*
*ਅੰਮ੍ਰਿਤ ਨਾਮੁ ਜਾਨੈ ਕਰਿ ਕਉਰਾ॥੩॥੮੨॥*
*ਅੰਗ - ੧੮●*

ਵਾਲਾ ਗੁਰਵਾਕ ਐਨ ਉਹਨਾਂ ਉਪਰ ਹੀ ਘਟਦਾ ਹੈ। ਜਿਨ੍ਹਾਂ ਨੂੰ ਅੰਮ੍ਰਿਤ ਦੀ ਪਵਿੱਤ੍ਰਤਾ ਦਾ ਸੱਚਾ ਸ਼ਊਰ (ਗਿਆਨ) ਹੈ, ਉਹ ਅੰਮ੍ਰਿਤ ਨੂੰ ਸੱਚ ਮੁੱਚ ਅੰਮ੍ਰਿਤ ਕਰਕੇ ਛਕਣ। ਜਿਨ੍ਹਾਂ ਨੂੰ ਅੰਮ੍ਰਿਤ ਦੀ ਮਹੱਤਤਾ ਮਨਜ਼ੂਰ ਹੈ ਓਹ ਅੰਮ੍ਰਿਤ-ਧਾਰੀ ਹੋ ਕੇ ਅੰਮ੍ਰਿਤ ਛਕਣ ਸਮੇਂ, ਦੱਸੋ ਦ੍ਰਿੜਾਏ ਬਿਵਰਜਤ ਕੁਕਰਮਾਂ ਤੋਂ ਪਾਕ ਰਹਿਣ। ਖ਼ੁਦ ਪਾਕ ਰਹਿ ਕੇ ਅੰਮ੍ਰਿਤ ਦੀ ਪਾਕੀਜ਼ਗੀ ਦੀ ਦਾਦ ਦੇਣ। ਅੰਮ੍ਰਿਤ ਛਕਿਆ, ਪਰ ਸਾਂਭ ਕੇ ਰੱਖਿਆ ਨਹੀਂ ਤੇ ਅੰਮ੍ਰਿਤ ਛਕਣ ਸਮੇਂ ਗੁਰੂ ਰੂਪ ਪੰਜਾਂ ਪਿਆਰਿਆਂ ਦੀ ਦਿੱਤੀ ਦ੍ਰਿੜਾਈ ਸਿੱਖਿਆ ਉਤੇ ਅਮਲ ਨਹੀਂ ਕੀਤਾ, ਤਾਂ ਇਸ ਵਿਚ ਗੁਰ-ਸਿਖਿਆ ਯਾ ਗੁਰੂ ਸਰੂਪ ਪੰਜਾਂ ਪਿਆਰਿਆਂ ਦਾ ਕੋਈ ਕਸੂਰ ਨਹੀਂ; ਗੁਰ-ਸਿਖਿਆ ਉਪਰ ਨਾ ਚਲਣ-ਹਾਰਿਆਂ ਦਾ ਆਪਣਾ ਕਸੂਰ ਹੈ।

*ਕਬੀਰ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾ ਮਹਿ ਚੂਕ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥* *ਅੰਗ - ੧੩੭੨*

ਜਿਨ੍ਹਾਂ ਕੁਕਰਮਾਂ ਤੋਂ ਗੁਰੂ ਸਾਹਿਬ ਪੰਜਾਂ ਪਿਆਰਿਆਂ ਦੇ ਸਰੂਖ ਵਿਚ ਹੋ ਕੇ ਹੋੜਦੇ ਹਨ, ਓਹਨਾਂ ਹੀ ਕੁਕਰਮਾਂ ਨੂੰ ਕਰੀ ਜਾਣਾ ਅਤੇ ਨਿਰਭੈ ਹੋ ਕੇ ਕੁੜੀ ਜਾਣਾ ਅਤੇ ਫੇਰ ਆਸ ਰਖਣੀ ਕਿ ਇਕ ਵਾਰ ਅੰਮ੍ਰਿਤ ਛਕਿਆ ਅਸਾਡਾ ਪਾਰ-ਉਤਾਰਾ ਕਰ ਦੇਵੇਗਾ, ਸਖਤ ਗ਼ਲਤ-ਫ਼ਹਿਮੀ ਹੈ। ਅੰਦਰ ਦ੍ਰਿੜਾਈ ਗੁਰ-ਸਿਖਿਆ ਨੂੰ ਜੋ ਸਿਖ ਨਹੀਂ ਕਮਾਉਂਦੇ, ਉਹਨਾਂ ਉਤੇ ਕਿਵੇਂ ਅਮਰ-ਕਲਾ ਵਰਤ ਸਕਦੀ ਵਿਸ਼ੇ ਵਿਕਾਰਾਂ ਤੋਂ ਬਚਾਉ ਕਿਵੇਂ ਹੋਵੇ? ਗੁਰਬਾਣੀ ਤਾਂ ਬੜੇ ਜ਼ੋਰ ਨਾਲ ਇਸ ਪ੍ਰਕਾਰ ਦੇ ਉਪਦੇਸ਼ ਦ੍ਰਿੜਾਉਂਦੀ ਹੈ -

*ਹਾਂ ਹਾਂ ਲਪਟਿਓ ਰੇ ਮੂੜ ਕਛੂ ਨ ਥੋਰੀ॥*
*ਤੇਰੋ ਨਹੀ ਸੁ ਜਾਨੀ ਮੋਰੀ॥੧॥ਰਹਾਉ॥*
*ਆਪਨ ਰਾਮੁ ਨ ਚੀਨੋ ਖਿਨੂਆ॥*
*ਜੋ ਪਰਾਈ ਸੁ ਅਪਨੀ ਮਨੂਆ॥੧॥*
*ਨਾਮੁ ਸੰਗੀ ਸੋ ਮਨਿ ਨ ਬਸਾਇਓ॥*
*ਛੋਡਿ ਜਾਹਿ ਵਾਹੂ ਚਿਤੁ ਲਾਇਓ॥੨॥*
*ਸੋ ਸੰਚਿਓ ਜਿਤੁ ਭੂਖ ਤਿਸਾਇਓ॥*
*ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ॥੩॥*
*ਕਾਮ ਕ੍ਰੋਧਿ ਮੋਹ ਕੂਪਿ ਪਰਿਆ॥*
*ਗੁਰਪ੍ਰਸਾਦਿ ਨਾਨਕ ਕੋ ਤਰਿਆ॥੪॥੧॥੧੬॥*
*ਅੰਗ - ੭੧੫*

ਜੇ ਇਸ ਗੁਰਬਾਣੀ ਨੂੰ ਮੰਨਣਹਾਰੇ ਸਿਖ ਇਸ ਗੁਰਵਾਕ ਵਿਖੇ ਥਿਵਰਜਤ ਕਰਮਾਂ ਤੋਂ ਬਾਜ਼ ਨਾ ਆਉਣ, ਤਾਂ ਅੰਮ੍ਰਿਤ ਕਲਾ ਕਿਵੇਂ ਵਰਤੇ? ਅੰਮ੍ਰਿਤ ਨਾਮ ਤੋਸਾ ਤਾਂ ਉਹ ਸੋਚਦੇ ਭੁੰਚਦੇ ਨਹੀਂ, ਜਿਸ ਨੇ ਕਿ ਐਥੇ ਓਥੇ ਲੋਕ ਪਰਲੋਕ ਵਿਖੇ ਆਧਾਰ ਰੂਪ ਹੋਣਾ ਹੈ ਅਰ ਜੀਵਾਂ ਦਾ ਸੱਚਾ ਉਧਾਰ ਕਰਨਾ ਹੈ। ਉਨ੍ਹਾਂ ਵਸਤੂਆਂ ਦੇ ਸੰਗ੍ਰਹਿਨ ਕਰਨ ਉੱਤੇ ਸਾਰਾ ਜ਼ੋਰ ਲਾ ਰਖਿਆ ਹੈ, ਜਿਨ੍ਹਾਂ ਦੇ ਭੁੰਚਣ ਕਰਕੇ ਉਹਨਾਂ ਸਦਾ ਭੁਖੇ ਤਿਹਾਏ ਰਹਿਣਾ ਹੈ, ਤਾਂ ਦਸੋ ਕਿ ਅਮਰ-ਕਲਾ ਕਿਥੋਂ ਆਵੇ? ਕਾਮ, ਕ੍ਰੋਧ, ਮੋਹ ਰੂਪੀ ਖੂਹ ਵਿਚ ਡਿਗੇ ਪਏ ਰਹਿਣ ਉਪਰ ਹੀ ਜੋ ਸੰਤੁਸ਼ਟ ਹੋਣ, ਓਹਨਾਂ ਨੂੰ ਪਤਿਤ ਦਸ਼ਾ ਤੋਂ ਉਭਾਰਨ ਦਾ ਸਾਹਸ ਹੀ ਨਹੀਂ, ਓਹਨਾਂ ਨੂੰ ਆਪਣੀ ਪਤਿਤ ਦਸ਼ਾ ਭਾਸਦੀ ਹੀ ਨਹੀਂ, ਅਤੇ ਇਸ ਦਸ਼ਾ ਨੂੰ ਪ੍ਰਤੀਤ ਕਰਾਉਣ-ਹਾਰੇ ਗੁਰਵਾਕ ਹੀ ਨਹੀਂ ਪ੍ਰਭਾਵਿਤ ਕਰਦੇ। ਓਹਨਾਂ ਨੂੰ ਆਪਣੀ ਪਾਪਿਸਟ ਪਤਿਤ ਦਸ਼ਾ ਪ੍ਰਤੀਤ ਹੀ ਨਹੀਂ ਹੁੰਦੀ। ਗੁਰ-ਸਿਖਿਆ ਦੀ ਭੈ-ਭਾਵਨੀ ਤੋਂ ਵੰਚਤ ਹੋਏ ਅਹਿਨਿਸ ਕੂੜ ਸਤਿ ਭਰੇ ਹੋਏ ਨੱਕੋ ਨੱਕ ਪਾਪਾਂ ਨਾਲ ਹੀ ਪੂਰਤ ਰਹਿੰਦੇ ਹਨ। ਜਿਵੇਂ ਓਹ ਦਿਨੇ ਰਾਤ ਪਾਪਾਂ ਵਿਚ ਹੀ ਗਲਤਾਨ ਰਹਿੰਦੇ ਹਨ, ਓਵੇਂ ਓਹ ਦਿਨ ਰਾਤ ਅੰਮ੍ਰਿਤ ਨਾਮ-ਤੁੱਸਾ ਭੁੰਚਣ ਵਿਚ ਗਲਤਾਨ ਰਹਿਣ, ਤਾਂ ਓਹਨਾਂ ਦੀ ਪਾਪਾਂ ਭਰੀ ਮਤ ਦੀ ਮੈਲ ਦੂਰ ਹੋਵੇ ਅਤੇ ਮੈਲ ਉਤਰ ਕੇ ਹੀ ਫੇਰ ਆਤਮ-ਰੰਗ ਚਲੇ ਚੜ੍ਹਦੇ ਹਨ। ਯਥਾ ਗੁਰਵਾਕ -

*ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ॥*
*ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ॥੧॥*
*ਅੰਮ੍ਰਿਤੁ ਨਾਮੁ ਪੀਆ ਦਿਨੁ ਰਾਤੀ ਦੁਬਿਧਾ ਮਾਰਿ ਨਿਵਾਰੇ॥*
*ਅੰਗ - ੭੪੫*

ਇਸ ਗੁਰਵਾਕ ਦੀ ਪਹਿਲੀ ਤੁਕ ਦੇ ਭਾਵ ਅਨੁਸਾਰ ਜਿਹੜੇ ਪੁਰਸ਼ ਗਲ ਤਾਈਂ ਪਾਪਾਂ ਨਾਲ ਹੀ ਅਟੇ ਅਹਿਨਿਸ ਪਾਪ-ਕਮਾਈਆਂ ਹੀ ਕਰੀ ਜਾਣ, ਓਹਨਾਂ ਪਤਿਤਾਂ ਨੂੰ ਇਸ ਪਤਿਤ ਦਸ਼ਾ ਵਿਚੋਂ ਉਭਾਰਨ ਲਈ ਹੋਰ ਕੋਈ ਭੀ ਉਪਾਉ ਵਸੀਲਾ ਨਹੀਂ ਕਿ ਉਹ ਅੰਮ੍ਰਿਤ ਛਕ ਕੇ ਨਾਮ ਅਭਿਆਸ

ਕਮਾਈਆਂ ਕਰਨ, ਨਹੀਂ ਤਾਂ ਪਤਿਤ ਦੇ ਪਤਿਤ ਹੀ ਰਹਿਣਗੇ। ਪਰ ਨਾਮ-ਪਦਾਰਥਾਂ ਘੁਥੇ ਸਿੱਖਾਂ ਦੀ ਭੀ ਸੰਸਾਰੀ ਜੀਵਾਂ, ਮਾਇਆ ਬਉਰਾਨੇ ਸਾਕਤ ਪੁਰਸ਼ਾਂ ਵਾਲੀ ਦਸ਼ਾ ਹੋਇ ਰਹਿੰਦੀ ਹੈ। ਓਇ ਅਭਾਗੇ ਮਾਇਆ-ਮਗਨਤਾ ਵਿਖੇ ਹੀ ਦਿਨ ਰਾਤ ਸੋਇ ਰਹਿੰਦੇ ਹਨ ਅਤੇ ਨਿਸਬਾਸਰ ਮਿਥਿਆ ਦਾ ਗ੍ਰਹਿਣ ਹੀ ਕਰਦੇ ਹਨ ਅਤੇ ਇਸ ਮਿਥਨ-ਮਨੋਰਥੀ ਸੁਪਨ ਸਾਰਖੇ ਅਸਤਿ ਪਦਾਰਥਾਂ ਦੇ ਸੁਆਦ ਰਸਾਂ ਨੂੰ ਓਹ ਮਨਮੁਖੀ ਜੀਵ ਸੱਚੇ ਕਰਕੇ ਸਮਝੀ ਬੈਠੇ ਹਨ। ਵਾਸਤਵ ਵਿਚ ਸਤਿ ਪਦਾਰਥ ਅੰਮ੍ਰਿਤ ਨਾਮੁ ਹੈ, ਜਿਸ ਨੇ ਸਦਾ ਸੰਗ ਰਹਿਣਾ ਹੈ ਅਤੇ ਸੰਗ ਜਾਣਾ ਹੈ। ਉਸ ਦਾ ਉਹਨਾਂ ਨੂੰ ਤਿਲ ਮਾਤਰ ਭੀ ਮਰਮ ਨਹੀਂ। ਕੈਸੀ ਭਿਆਨਕ ਦਸ਼ਾ ਹੈ! ਸੋਈ ਇਸ ਅਗਲੇ ਗੁਰਵਾਕ ਅੰਦਰ ਦਰਸਾਈ ਗਈ ਹੈ। ਯਥਾ ਗੁਰਵਾਕ -

*ਬਾਵਰ ਸੋਇ ਰਹੇ॥੧॥ਰਹਾਉ॥*
*ਮੋਹ ਕੁਟੰਬ ਬਿਖ ਰਸ ਮਾਤੇ ਮਿਥਿਆ ਗਹਨ ਗਹੇ॥੧॥*
*ਮਿਥਨ ਮਨੋਰਥ ਸੁਪਨ ਅਨੰਦ ਉਲਾਸ ਮਨਿ ਮੁਖਿ ਸਤਿ ਕਹੇ॥੨॥*
*ਅੰਮ੍ਰਿਤੁ ਨਾਮੁ ਪਦਾਰਥੁ ਸੰਗੋ ਤਿਲੁ ਮਰਮੁ ਨ ਲਹੈ॥੩॥*
*ਕਰਿ ਕਿਰਪਾ ਰਾਖੇ ਸਤਿਸੰਗੇ ਨਾਨਕ ਸਰਣਿ ਆਹੇ॥੪॥੨॥੧੪੨॥* ਅੰਗ - ੪੦੬

ਇਸ ਗੁਰਵਾਕ ਦੀ ਅਖ਼ੀਰਲੀ ਤੁਕ ਦਸਦੀ ਹੈ ਕਿ ਗੁਰੂ ਦੀ ਕਿਰਪਾਲਤਾ ਦੁਆਰਾ ਜੇਕਰ ਸੰਤਾਂ ਦਾ ਸਤਿਸੰਗ ਬਣ ਆਵੇ ਤਾਂ ਅਗੋਂ ਭਾਗ ਹੋਣ। ਤਾਂ ਤੇ ਗੁਰਸਿੱਖਾਂ ਨੂੰ ਸਦਾ ਦੇ ਸਤਿਸੰਗ ਦੀ ਮੰਗ ਮੰਗਣੀ ਚਾਹੀਦੀ ਹੈ। ਨਾਮ ਅਭਿਆਸੀਆਂ ਦਾ ਸਤਿਸੰਗ, ਗੁਰਬਾਣੀ ਕੀਰਤਨੀਆਂ ਦਾ ਸਤਿਸੰਗ, ਗੁਰਬਾਣੀ ਦੇ ਪਾਠ ਦਾ ਅਖੰਡ ਸਤਿਸੰਗ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦਾ ਚਰਨ-ਸ਼ਰਨ-ਸਰਣਾਗਤੀ-ਸਤਿਸੰਗ ਹਰ ਵਕਤ ਬਣਿਆ ਹੀ ਰਹੇ, ਤਾਂ ਅੰਮ੍ਰਿਤ ਨਾਮ ਦੀ ਸਦਾ ਚੜ੍ਹਦੀ ਕਲਾ ਬਣੀ ਰਹਿੰਦੀ ਹੈ, ਨਹੀਂ ਤਾਂ ਮਿਥਨ ਮੁਹਾਰਾ ਵਿਸ਼ੇ ਵਿਕਾਰਾ ਪਰਪੰਚ-ਜਲ ਫੁਨਿ-ਫੁਨਿ ਆਣਿ ਮੁਹਾਉਂਦਾ ਹੈ। ਏਸੇ ਕਰਕੇ ਹੀ ਬਾਰੰਬਾਰ ਇਸ ਪ੍ਰਕਾਰ ਦੇ ਗੁਰਵਾਕ ਉਚਾਰਨ ਹੋਏ ਹਨ -

*ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ ॥੨॥੨੭॥* ਅੰਗ - ੬੦੬

*ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ॥*
*ਸਿਮਰਿ ਸਿਮਰਿ ਸਭੁ ਤਪਤਿ ਬੁਝਾਈ ॥੧॥ਰਹਾਉ॥*
ਅੰਗ - ੧੯੧

*ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੁ ਹੋਵੈ ਪਰਗਾਸੋ ॥੩॥* ਅੰਗ - ੮੦੨

*ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ਰਹਾਉ॥੩੭॥* ਅੰਗ - ੩੬੦

*ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥*
*ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥੨੭॥*
ਅੰਗ - ੭੪੨

*ਅੰਮ੍ਰਿਤ ਨਾਮੁ ਰਸਨਾ ਨਿਤ ਗਾਵੈ॥*
*ਜਿਸ ਨੂੰ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ॥੧॥੭॥*
ਅੰਗ - ੨੩੨

*ਭਉ ਭਾਗਾ ਨਿਰਭਉ ਮਨਿ ਬਸੈ॥*
*ਅੰਮ੍ਰਿਤ ਨਾਮੁ ਰਸਨਾ ਨਿਤ ਜਪੈ॥੩॥*
*ਕੋਟਿ ਜਨਮ ਕੇ ਕਾਟੇ ਫਾਹੇ॥*
*ਪਾਇਆ ਲਾਭੁ ਸਚਾ ਧਨੁ ਲਾਹੇ॥*
*ਤੋਟਿ ਨ ਆਵੈ ਅਖੁਟ ਭੰਡਾਰ॥*
*ਨਾਨਕ ਭਗਤ ਸੋਹਹਿ ਹਰਿ ਦੁਆਰ ॥੪॥੨੩॥੩੪॥*
ਅੰਗ - ੮੯੩

*ਅੰਮ੍ਰਿਤ ਨਾਮੁ ਰਸਨ ਨਿਤ ਜਾਪੈ॥*
*ਰੋਗ ਰੂਪ ਮਾਇਆ ਨ ਬਿਆਪੈ॥੪॥*
*ਜਪਿ ਗੋਬਿੰਦ ਸੰਗੀ ਸਭਿ ਤਾਰੇ॥*
*ਪੋਹਤ ਨਾਹੀ ਪੰਚ ਬਟਵਾਰੇ ॥੫॥੨॥* ਅੰਗ - ੭੬੦

*ਦੂਖੁ ਰੋਗੁ ਕਛੁ ਭਉ ਨ ਬਿਆਪੈ॥*
*ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ॥੧॥੯੪॥* ਅੰਗ - ੧੮੪

*ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥*
*ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥੪॥੧॥*
ਅੰਗ - ੨੬੩

*ਗੁਰਿ ਪੂਰੈ ਮੇਰੀ ਰਾਖਿ ਲਈ॥*
*ਅੰਮ੍ਰਿਤ ਨਾਮੁ ਰਿਦੈ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥੧॥ਰਹਾਉ॥* ਅੰਗ - ੮੨੩

ਸੱਚਾ ਚਾਨਣ-ਮੁਨਾਰਾ ਗੁਰਮਤਿ ਮਾਰਗ ਤੇ ਚਲਣਹਾਰੇ ਪ੍ਰਮਾਰਥ-ਪਾਂਧੀਆਂ ਨੂੰ ਇਸ ਖੰਡੋ-ਧਾਰ ਮਾਰਗ ਦਾ ਪੈਂਡਾ ਕੱਟਣ ਲਈ ਇਹ ਅੰਮ੍ਰਿਤ-ਨਾਮ ਹੀ ਚਾਨਣ-ਮੁਨਾਰਾ ਹੈ, ਇਸ ਅੰਮ੍ਰਿਤ-ਜੋਤਿ-ਚਾਨਣ ਦੀ ਖਿਨ ਖਿਨ ਸਹਾਇਤਾ ਬਿਹੂਣ ਅਤੀ ਚਤਰ ਪ੍ਰਮਾਰਥੀ ਭੀ ਅੰਧ ਅਗਿਆਨੀ ਹੈ। ਚਿੱਤਰ ਬਚਿੱਤਰ ਮੋਹਨੀ ਮਾਇਆ ਦੀਆਂ ਛੋਟਾਂ ਤੋਂ ਬਚਾਉਣ ਲਈ ਅੰਧਲੇ ਪੰਧਾਊ ਨੂੰ ਨਾਮ ਦੀ ਟਹਣੀ ਹਰ ਵਕਤ ਦਰਕਾਰ ਹੈ।

ਨਾਮ ਮਹਾਂ ਰਸ ਦੀ ਅੰਮੀ-ਵਿਗਾਸਨੀ ਖਿਨ ਖਿਨੀ ਟੋਹ ਤੋਂ ਘੁਥੋਂ ਨੂੰ ਇਹ ਮਹਾਂ ਮੋਹਨੀ ਬਹੁ ਕਾਰ ਸੁੰਦਰ ਸੋਹਨੀ ਚੰਚਲ ਚਲਿਤਰਨੀ ਮਾਇਆ ਅਨਿਕ ਭਾਵ ਦਿਖਾਇ ਦਿਖਾਇ ਅਤੇ ਭਾਂਤ ਭਾਂਤ ਦੇ ਵੇਸ ਵਟਾਇ ਵਟਾਇ ਮੋਹੰਦੀ ਹੈ ਅਤੇ

ਐਸੀ ਢੀਠ ਮੀਠੀ ਹੋਇ ਕੈ ਮਨ ਨੂੰ ਚਿਮੜਦੀ ਹੈ ਕਿ ਇਕ ਵਾਰ ਨਾਮ-ਲਿਵ-ਡੋਰੀ ਤੋਂ ਉਖੜੇ ਪੰਧਾਊ ਦੀ ਚਉਕੜੀ ਭੁਲਾ ਦਿੰਦੀ ਹੈ ਅਤੇ ਜਿਨ੍ਹਾਂ ਨੂੰ ਗੁਰਮਤਿ ਨਾਮ ਉੱਕਾ ਹੀ ਪ੍ਰਾਪਤ ਨਹੀਂ, ਓਹਨਾਂ ਦਾ ਤਾਂ ਠਿਕਾਣਾ ਹੀ ਕੋਈ ਨਹੀਂ। ਗ੍ਰਿਹਿ ਵਿਖੇ ਰਹਿਣ ਵਾਲੇ ਗ੍ਰਿਹਸਤੀਆਂ ਨੂੰ, ਬਨਾਂ ਵਿਖੇ ਵਿਚਰਨ ਵਾਲੇ ਬਨਵਾਸੀਆਂ ਬ੍ਰਹਮਚਾਰੀਆਂ ਨੂੰ, ਤੀਰਥਾਂ ਤੇ ਗਮਨ ਕਰਨਹਾਰੇ ਯਾਤਰੂਆਂ ਨੂੰ, ਤੀਰਥ ਬਰਤ ਪੂਜਾ ਕਰਦਿਆਂ ਭੀ ਬਾਟ ਘਾਟ ਜਾਂਹਦੀ ਹੈ। ਇਸ ਕਰਕੇ ਅਵਘਟ ਘਾਟੀ ਦੇ ਪ੍ਰੇਮ-ਸੁਮਾਰਗੀ ਲਈ ਇਹ ਉਚਿਤ ਹੈ ਕਿ ਖਿਨ ਖਿਨ ਨਾਮ-ਰੰਗਾਂ ਵਿਚ ਲੀਨ ਰਹੇ। ਜਦੋਂ ਭੀ ਉਹਦੀ ਬਿਰਤੀ ਉਚਾਟ ਹੁੰਦੀ ਦਿਸੇ, ਜਿਸ ਖਿਨ ਭੀ ਉਸ ਦੀ ਆਤਮ-ਸੁਰਤੀ ਦਾ ਖਿੜਾਉ ਠੰਢਾ ਪੈਂਦਾ ਦਿਸੇ, ਓਥੋਂ ਖਿਨ ਹੀ ਨਾਮ ਨੂੰ ਚੜ੍ਹਦੀ ਕਲਾ ਵਿਚ ਰਖਣ ਦੀਆਂ ਬੇਨਤੀਆਂ ਵਿਚ ਜੁਟ ਜਾਵੇ। ਅਰਦਾਸ ਬੇਨਤੀ ਦੁਆਰਾ ਤੱਤ ਛਿਨ ਓਹੀ ਵਿਗਾਸ ਆਇ ਬਣਦਾ ਹੈ, ਅਤੇ ਆਤਮ-ਰੌ ਚਲ ਪੈਂਦੀ ਹੈ। ਨਾਮ ਖੁਦ ਹੀ ਬੇਨਤੀ ਸਰੂਪ ਹੈ, ਨਾਮ ਨੂੰ ਉਚਾਰਨਾ ਹੀ ਸਨਮੁਖ-ਦਰਸ-ਹਜ਼ੂਰੀ ਦੀ ਹਜ਼ੂਰੀ ਵਿਚ ਮਉਜ ਮਾਨਣਾ ਹੈ। ਨਾਮ ਨੂੰ ਹੋਰ ਹੋਰ ਆਤਮ ਵਿਗਾਸ ਦੀ ਯਾਚਨਾ ਵਿਚ ਸਾਵਧਾਨ ਹੋਣਾ ਹੈ।

ਇਸ ਸੁਹਾਵਣੇ ਸੰਸਾਰ ਬਿਰਖ ਉਤੇ ਵਸਣ ਵਾਲੇ ਪੰਖਣੂ ਬਿਖੇ ਬਾਸ਼ਨਾ ਦੇ ਬਸ ਹੋਏ ਚਹੁੰਦਿਸਿ ਚਹਿ-ਚਹਾਉਂਦੇ ਫਿਰਦੇ ਹਨ, ਪਰ ਓਹਨਾਂ ਨੂੰ ਬਿਖ-ਫਲ ਹੀ ਪ੍ਰਾਪਤ ਹੁੰਦਾ ਹੈ ਜਿਸ ਦੇ ਬਿਖੈ ਰਸਾਂ ਨੂੰ ਚੱਖ-ਚੱਖ ਕੇ ਉਨ੍ਹਾਂ ਦੇ ਪੱਲੇ ਦੱਝਣਾ ਤੇ ਬਿਲਬਿਲਾਉਣਾ ਹੀ ਰਹਿੰਦਾ ਹੈ। ਸਤਿਗੁਰ ਬਾਝੋਂ ਸੱਚੇ ਮਹਲ ਦੀ ਪ੍ਰਾਪਤੀ ਕਦੇ ਨਹੀਂ ਹੁੰਦੀ ਅਤੇ ਨਾ ਹੀ ਨਿਗੁਰੇ ਗੁਰਮੰਤ੍ਰ ਹੀਣਸ ਪ੍ਰਾਣੀਆਂ ਨੂੰ ਅੰਮ੍ਰਿਤ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਸੰਸਾਰ ਬਿਖ ਦੀਆਂ ਸ਼ਾਖਾਂ-ਟਹਿਣੀਆਂ, ਜਿਨ੍ਹਾਂ ਉਪਰ ਉਹ ਟਪੂਸੀਆਂ ਮਾਰਦੇ ਫਿਰਦੇ ਹਨ, ਨਿਰੀਆਂ ਤ੍ਰੈਗੁਣੀ ਮਾਇਆ ਦੀਆਂ ਵਧੀਆਂ ਹੋਈਆਂ ਲਗਰਾਂ (ਵਿਸ ਗੰਦਲਾਂ) ਹਨ। ਇਹਨਾਂ ਤ੍ਰੈਗੁਣੀ ਸ਼ਾਖ਼ਾਂ ਵਿਚੋਂ ਕੇਵਲ ਇਕੋ ਗੁਰਮਤਿ ਨਾਮ ਗੁਰਮੰਤ੍ਰ ਦੀ ਅਤੁੱਟ ਅਭਿਆਸ ਕਮਾਈ ਦੁਆਰਾ ਹੀ ਨਿਵਾਰੀ ਜਾ ਸਕਦੀ ਹੈ। ਬੱਸ ਅੰਮ੍ਰਿਤ ਫਲ ਇਕ ਨਾਮ ਹੀ ਹੈ। ਇਸ ਨੂੰ ਸੋਈ ਖਾਂਦਾ ਹੈ, ਜਿਸ ਨੂੰ ਵਾਹਿਗੁਰੂ ਆਪਿ ਕਿਰਪਾ ਕਰ ਕੇ ਖੁਆਉਂਦਾ ਹੈ। ਨਾਮ ਤੋਂ ਬੇਮੁਖ ਮਨਮੁਖੀਏ ਪੁਰਸ਼ ਬਿਖੇ ਰਸਾਂ ਵਿਚ ਖੁਆਰ ਹੋਇ-ਹੋਇ ਕੈ ਹੀ ਸੁੱਕ ਜਾਂਦੇ ਹਨ। ਤਿਨ੍ਹਾ ਸੋਕੜ ਸਾਕਤ ਉਭ-ਮੁਖੀਏ ਪੁਰਸ਼ਾਂ ਦੇ ਪਾਸ ਭੀ ਨਹੀਂ ਬੈਠਣਾ ਚਾਹੀਦਾ; ਉਹ ਨਿਗੁਰੇ, ਨਿਗੁਸਾਏ ਜੁ ਹੋਏ। ਓਹ ਨਿਤ ਨਿਤ ਕਟਿ-ਕਟਿ ਜਲਿ-ਜਲਿ ਮਰਦੇ ਹਨ। ਇਹਨਾਂ ਦੇ ਭਾਗਾਂ ਵਿਚ ਨਾ ਗੁਰੂ ਦਾ ਦੀਖਤ ਸ਼ਬਦ ਗੁਰਮੰਤ੍ਰ ਹੈ, ਨਾ ਹੀ ਨਾਮ ਅਭਿਆਸ ਹੈ। ਇਸ ਗੁਰ-ਸ਼ਬਦ ਬਿਨਾਂ ਸਾਰਾ ਜਗ ਬਉਰਾਨਿਆ ਫਿਰਦਾ ਹੈ ਅਤੇ ਬਿਰਥਾ ਜਨਮ ਗਵਾ ਰਹਿਆ ਹੈ।ਬੜੇ ਬੜੇ ਪਦਾਰਥਾਂ ਵਾਲੇ ਰਾਜੇ ਭੂਮੀਏ ਭੀ ਏਸ ਰਸ-ਘੁੰਮਣ-ਘੇਰੀ ਵਿਚ ਠਹਿਚਲ ਫਿਰਦੇ ਹਨ। ਆਹਾ! ਇਸ ਪ੍ਰਥਾਇ ਕੈਸਾ ਗੁਰਵਾਕ ਇੰਨ ਬਿੰਨ ਘਟਦਾ ਯਾਦ ਆਇਆ ਹੈ। ਯਥਾ ਗੁਰਵਾਕ –

*ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸ਼ਨ ਨ ਬੂਝੀ॥*
*ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥੧॥*
*ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ਰਹਾਉ॥*
*ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ॥*
*ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥੨॥*
*ਕਾਮਵੰਤ ਕਾਮੀ ਬਹੁ ਨਾਰੀ ਪਰਗ੍ਰਿਹ ਜੋਹ ਨ ਚੂਕੈ॥*
*ਦਿਨ ਪ੍ਰਤਿ ਕਰੈ ਕਰੈ ਪਛਤਾਪੈ ਸੋਗ ਲੋਭ ਮਹਿ ਸੂਕੈ॥੩॥*
*ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ॥*
*ਸੂਖੁ ਸਹਜੁ ਆਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ ॥੪॥੬॥* *ਅੰਗ – ੬੭੨*

ਸੱਚਾ ਅਨੰਦ ਤੇ ਤਨ ਮਨ ਦਾ ਮਉਲਣਾ –

*ਲਵੈ ਨ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ॥*
*ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ॥੧॥*
*ਜਾ ਕਉ ਆਇਓ ਏਕੁ ਰਸਾ॥*
*ਖਾਨ ਪਾਨ ਆਨ ਨਹੀਂ ਖੁਧਿਆ ਤਾ ਕੈ ਚਿਤਿ ਨ ਬਸਾ॥ਰਹਾਉ॥*
*ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ॥*
*ਬਰਨਿ ਨ ਸਾਕਉ ਉਸਤਤਿ ਤਾ ਕੀ ਕੀਮਤਿ ਕਹਣੁ ਨ ਜਾਈ॥੨॥੭॥* *ਅੰਗ – ੬੭੨*

ਇਸ ਗੁਰਵਾਕ ਤੋਂ ਨਿਰਣੇ ਕਰ ਕੇ ਇਹ ਗੁਰਮਤਿ ਅਸੂਲ ਦ੍ਰਿੜ੍ਹ ਹੁੰਦਾ ਹੈ ਕਿ ਜਿਵੇਂ –

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥*
*ਅੰਗ – ੯੧੭*

ਵਾਲੀ ਗੁਰ-ਪੰਗਤੀ ਅੰਦਰ ਸੱਚੇ ਅਨੰਦ, ਤੱਤ ਪ੍ਰਮਾਰਥੀ ਅਨੰਦ ਦੀ ਸਚਾਈ ਅਨੰਦ ਤਾਂ ਸਾਰੀ ਲੁਕਾਈ ਹੀ

ਕਹਿੰਦੀ ਫਿਰਦੀ ਹੈ, ਤੱਤ ਸਾਰ ਆਨੰਦ ਦੀ ਸਾਰ"ਦਰਸਾਈ ਹੈ ਕਿ ਐਵੇਂ ਅਨੰਦ ਗੁਰੂ-ਦੁਆਰੇ ਹੀ ਜਾਣੀ ਜਾਂਦੀ ਹੈ ਤੇ ਤਿਵੇਂ ਹੀ ਅੰਮ੍ਰਿਤ ਅੰਮ੍ਰਿਤ ਭੀ ਜਣਾ ਖਣਾ ਕਹਿੰਦਾ ਫਿਰਦਾ ਹੈ। ਆਪੇ ਹੀ ਇਸ ਅੰਮ੍ਰਿਤ ਦੀ ਸਾਰ ਕਉਣ ਜਾਣ ਸਕਦਾ ਹੈ। ਬਸ -

*ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ॥ ਅੰਗ - ੬੭੨*

ਜਿਸ ਨੂੰ ਇਸ ਇਕੋ ਅੰਮ੍ਰਿਤ ਰਸ ਦਾ ਸੱਚਾ ਸੁਆਦ ਆ ਗਿਆ ਹੈ, ਉਸ ਦੇ ਚਿਤ ਵਿਚ ਹੋਰ ਰਸਾਂ ਕਸਾਂ ਦੇ ਖਾਨ ਪਾਨ ਦੀ ਖੁਧਿਆ ਤ੍ਰਿਸ਼ਨਾ ਪ੍ਰਬਲ ਪੈ ਹੀ ਨਹੀਂ ਸਕਦੀ। ਗੁਰ ਦੁਆਰੇ ਹੋਇ ਕੈ ਅੰਮ੍ਰਿਤ ਰਸ ਰਸੰਨੜੇ, ਅੰਮ੍ਰਿਤ ਬੂੰਦ ਬੁਰਕੜੇ ਤੱਤ ਨਾਮ ਕਮਾਈ ਵਾਲੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਜਿਨ੍ਹਾਂ ਦੇ ਅੰਦਰ ਇਸ ਅੰਮ੍ਰਿਤ ਦੀ ਇਕ ਕਣੀ ਭੀ ਪਰਵੇਸ਼ ਹੋ ਗਈ ਹੈ, ਉਸ ਦਾ ਮਨ ਤਨ ਮਉਲ ਉਠਿਆ ਹੈ ਅਤੇ ਸੁਕਿਓਂ ਹਰਾ ਹੋ ਗਿਆ ਹੈ। ਇਸ ਅੰਮ੍ਰਿਤ ਮਉਲਣ ਦੀ ਦਸ਼ਾ ਦੀ ਮਹਿਮਾ ਵਰਨਣ ਹੀ ਨਹੀਂ ਹੋ ਸਕਦੀ ਅਤੇ ਕੀਮਤ ਕਹੀ ਨਹੀਂ ਜਾ ਸਕਦੀ। ਐਸੇ ਅੰਮ੍ਰਿਤਧਾਰੀਆਂ ਦਾ ਛਕਿਆ ਹੋਇਆ ਅੰਮ੍ਰਿਤ ਕਦੇ ਅਨ-ਅੰਮ੍ਰਿਤ ਹੋ ਹੀ ਨਹੀਂ ਸਕਦਾ, ਕਿਉਂਕਿ ਉਹ ਸਦਾ ਹੀ, ਇਸ ਅੰਮ੍ਰਿਤ-ਬੂੰਦ ਦੇ ਚਾਤ੍ਰਿਕ-ਵਾਪਾਰੀ ਰਹਿੰਦੇ ਹਨ। ਅੰਦਰ ਪਰਵੇਸ਼ ਹੋਈ ਅੰਮ੍ਰਿਤ-ਬੂੰਦ ਨੂੰ ਇਕ ਵਾਰ ਅੰਦਰ ਵਸਾ ਕੇ ਫਿਰ ਉਹ ਇਸ ਨੂੰ ਵਿਸਾਰ ਨਹੀਂ ਦਿੰਦੇ। ਅਤੁਟ ਅਭਿਆਸ ਦੁਆਰਾ ਇਸ ਨੂੰ ਕਮਾਉਂਦੇ ਰਹਿੰਦੇ ਹਨ ਅਤੇ ਨਾਮ-ਅੰਮ੍ਰਿਤ-ਰਸ ਦਿਨੋ ਦਿਨ ਵਧਦਾ ਰਹਿੰਦਾ ਹੈ। ਵਧ ਵਧ ਅੰਮ੍ਰਿਤ ਵਿਗਾਸ ਵਿਚ ਅੰਮ੍ਰਿਤ-ਰਸੰਨੀ ਬਿਰਤੀ ਕਦੇ ਭੀ ਤੋਟ ਵਿਚ ਨਹੀਂ ਆਉਂਦੀ। ਝੋਟੇ ਵਾਲੀਆਂ ਬਿਰਤੀਆਂ, ਅੰਮ੍ਰਿਤ ਰਸ ਤੋਂ ਛੁੱਟੀਆਂ ਨਿਖੁੱਟੀਆਂ ਹੋਈਆਂ ਸੁਰਤੀਆਂ ਭਾਂਤ ਭਾਂਤ ਦੀਆਂ ਬਿਖੇ ਚੋਗ-ਫਾਸਾਂ ਵਿਚ ਜਾ ਫਸਦੀਆਂ ਹਨ। ਬਿਖ-ਰਸ-ਫਾਸਾ ਵਿਚ ਫਾਥੇ ਹੋਏ ਜੰਤ ਬਿਖੈ ਠਗਉਰੀ ਖਾਇ ਖਾਇ ਅਤੇ ਹਰਿ-ਚੰਦਉਰੀ ਵਿਖੇ ਉਰਝਾਇ ਉਰਝਾਇ ਉਹ ਉਹ ਕਰਮ ਕਰਤੂਤਾਂ ਕਰ ਬੈਠਦੇ ਹਨ, ਜਿਨ੍ਹਾਂ ਦੇ ਕਰਨ ਕਰਿ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ। ਐਸੀਆਂ ਕਰਮ ਕਰਤੂਤੀ ਸ਼ਰਮਿੰਦਗੀ ਵਾਲੀਆਂ ਰੀਤਾਂ ਹੀ ਪਤਿਤ ਕੁਕਰਮੀ ਕੁਰਹਿਤਾਂ ਹਨ। ਇਹ ਓਦੋਂ ਹੀ ਹੁੰਦੀਆਂ ਹਨ, ਜਦੋਂ ਅੰਮ੍ਰਿਤ, ਅੰਮ੍ਰਿਤ ਨਹੀਂ ਰਹਿੰਦਾ। ਪੁਰਸ਼ ਆਪਣੀ ਕਰਣੀ ਕਰਿ ਹੀ ਅੰਮ੍ਰਿਤ ਖੁਹਾਉਂਦੇ ਹਨ। ਆਪਣੀ ਕਰਣੀ ਕਰਿ ਹੀ ਪਤਿਤ ਕਰਮਾਂ ਦੀ ਸਜ਼ਾ ਭੁਗਤਦੇ ਹਨ। ਏਦੂੰ ਵਧ ਕੇ ਹੋਰ ਸਜ਼ਾ ਹੀ ਕੀ ਹੋਈ? ਜੇ ਉਹ ਪਤਿਤ ਨ ਗਰਦਾਨਿਆ ਗਿਆ, ਸੁੱਕੀਆਂ ਪ੍ਰਾਸਚਿਤ੍ਰੀ ਸਜ਼ਾਵਾਂ ਸਹਿ ਕੇ ਉਹ ਸੁਰਜੀਤ ਨਹੀਂ ਹੋ ਸਕਦਾ। ਸਜ਼ਾਵਾਂ ਡੰਨ ਭੀ ਉਸ ਨੂੰ ਲਗਣਗੇ, ਪਰ ਓਹ ਪਤਿਤਦਸ਼ਾਂ ਤੋਂ ਸੁਰਜੀਤ ਅਸਰੀਤ ਤਦੇ ਹੀ ਹੋਵੇਗਾ, ਜੋ ਉਸ ਨੂੰ ਬਹੁੜ ਅੰਮ੍ਰਿਤ ਛਕਾਇਆ ਜਾਵੇਗਾ। ਦੇਖੋ ਕਰਮ ਕਰਤੂਤੀ ਪਤਿਤ ਕਰਮਾਂ ਦੀ ਇਸ ਅਗਲੇ ਗੁਰਵਾਕ ਵਿਖੇ ਕੈਸੀ ਭਿਅੰਕਾਰ ਦਸ਼ਾ ਦਿਖਾਈ ਹੈ -

*ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥*
*ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥੧॥*
*ਮਾਇਆ ਮੋਹ ਭੂਲੋ ਅਵਰੈ ਹੀਤ॥*
*ਹਰਿਚੰਦਉਰੀ ਬਨਹਰ ਪਾਤ ਰੇ ਇਹੈ ਤੁਹਾਰੋ ਬੀਤ॥੧॥ਰਹਾਉ॥*
*ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ॥*
*ਅੰਮ੍ਰਿਤ ਸੰਗਿ ਨਾਹਿ ਰੁਚਿ ਆਵਤ ਬਿਖੈ ਠਗਉਰੀ ਪ੍ਰੀਤਿ॥੨॥*
*ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ॥*
*ਜਾਤ ਅਕਾਰਥ ਜਨਮ ਪਦਾਰਥ ਕਾਚ ਬਾਦਰੈ ਜੀਤ॥੩॥*
*ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ॥*
*ਸਾਧ ਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ॥੪॥੯॥ ਅੰਗ - ੬੭੩*

ਇਸ ਗੁਰਵਾਕ ਤੋਂ ਇਹ ਗੱਲ ਭੀ ਦ੍ਰਿੜ ਹੁੰਦੀ ਹੈ ਕਿ ਕਚਹੁ ਕੰਚਨ ਕਰਨ ਨੂੰ ਗੁਰੂ ਅਤੇ ਗੁਰੂ ਦੀ ਪੰਜੀਂ ਪਰਮੇਸਰ ਸਾਧ ਸੰਗ ਅਤੇ ਗੁਰ ਗਿਆਨ ਪਦਾਰਥ ਅੰਮ੍ਰਿਤ ਅਤੇ ਅੰਮ੍ਰਿਤ ਨਾਮ ਹੀ ਸਮਰੱਥ ਹੈ। ਐਸੀ ਪਾਰਸ-ਕਲਾ ਵਰਤੇ ਬਾਝੋਂ ਕਾਠ ਲੋਹਾ, ਕੰਚਨ ਕਿਵੇਂ ਹੋਵੇਗਾ? ਬਿਖੈ ਠਗਉਰੀ ਫਾਥੇ ਗਰਧਭ (ਗਧੇ) ਨੂੰ ਅੰਮ੍ਰਿਤ ਸੰਗਿ ਰੁਚੀ ਹੀ ਨਹੀਂ ਆਵਣੀ, ਜਦੋਂ ਤਾਈਂ ਓਸ ਦੀ ਬਿਖੇ ਭਸਮ ਸੰਗਿ ਖਿਚੋਤਾਣੀ ਮੋਹ ਪ੍ਰੀਤ ਹੈ। ਸਤਿਗੁਰ ਦਾ ਬਹੁੜ ਅੰਮ੍ਰਿਤਧਾਰੀ ਸਿਖ ਬਣੇ ਬਿਨਾਂ ਅਤੇ ਨਵੇਂ ਸਿਰਿਓਂ ਅੰਮ੍ਰਿਤ ਦੀ ਜਾਗ ਲਗੇ ਬਿਨਾਂ ਓਹ ਇਸ ਮਿਰਤਕ ਦਸ਼ਾ ਤੋਂ ਕਿਉਂ ਕਰ ਸੁਰਜੀਤ ਹੋ ਸਕਦਾ ਹੈ? ਪਤਿਤ ਕਰਮ ਕਰਨ ਕਰਕੇ ਜਿਸ ਜੀਉ ਉਤੇ ਮੁਰਦਿਹਾਣ ਵਰਤ ਚੁਕੀ ਹੋਵੇ, ਓਸਨੂੰ ਨਵ-ਜਨਮ ਕਰਨ ਦੀ ਅਵੱਸ਼ ਲੋੜ ਹੈ, ਇਹ ਕੇਵਲ ਅੰਮ੍ਰਿਤ ਛਕਾਉਣ ਦੁਆਰਾ ਹੀ ਪੂਰੀ ਹੋ ਸਕਦੀ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਲਿਆ ਗਿਆ ਪਹਿਲਾ ਹੁਕਮਨਾਮਾ

ਗੁਰੂ ਅਰਜਨ ਦੇਵ ਜੀ ਨੇ ਸਿਖ ਕੌਮ ਨੂੰ ਸੰਗਠਤ ਕਰਨ ਵਿਚ ਬਹੁਤੁ ਉਦਮ ਕੀਤੇ। ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਵਿਚ ਹਰੀ ਮੰਦਰ ਉਸਰਵਾਇਆ ਜਿਸ ਦੇ ਚਾਰ ਦਰਵਾਜ਼ੇ ਰੱਖ ਕੇ ਇਸ ਨੂੰ ਸਭ ਧਰਮਾਂ ਦਾ ਸਾਂਝਾ ਤੀਰਥ ਬਣਾ ਦਿਤਾ। ਇਸ ਦੀ ਨੀਂਹ ਇਕ ਮੁਸਲਮਾਨ ਸੂਫੀ ਦਰਵੇਸ਼ ਮੀਆਂ ਮੀਰ ਜੀ ਪਾਸੋਂ ਰਖਵਾ ਕੇ ਉਸ ਸਮੇਂ ਕੱਟੜਪੁਣੇ ਵਿਚ ਜਲ ਰਹੀ ਲੋਕਾਈ ਨੂੰ ਉਦਾਰਚਿਤਤਾ ਤੇ ਫਰਾਖਦਿਲੀ ਦਾ ਸ਼ਬਦ ਪੜ੍ਹਾਇਆ। ਗੁਰੂ ਗ੍ਰੰਥ ਸਾਹਿਬ ਵਿਚ ਹਰ ਮਜ਼ਹਬ, ਕੌਮ ਤੇ ਇਲਾਕੇ ਦੇ ਮਹਾਂਪੁਰਸ਼ਾਂ ਦੀ ਬਾਣੀ ਇੱਕਠੀ ਕਰਨ ਉਪਰੰਤ ਉਸ ਦੀ ਸੰਪਾਦਨਾ ਕਰ ਕੇ 'ਆਦਿ ਗ੍ਰੰਥ' ਦੀ ਸਿਰਜਨਾ ਕੀਤੀ। 'ਪੋਥੀ ਪਰਮੇਸਰ ਕਾ ਥਾਨ' ਨਾਮੀ ਇਹ ਪਵਿੱਤਰ ਆਦਿ ਗ੍ਰੰਥ ੧੫ ਅਗਸਤ ੧੬੦੪ ਨੂੰ ਸੰਪੂਰਨ ਹੋਇਆ। ਭਾਈ ਬੰਨੋ ਜੀ ਨੇ ਲਾਹੌਰ ਜਾ ਕੇ ਇਸ ਦੀ ਜਿਲਦ ਬੰਦੀ ਕਰਵਾਈ ਅਤੇ ਇਕ ਸ਼ਾਨਦਾਰ ਨਗਰ ਕੀਰਤਨ ਦੀ ਸ਼ਕਲ ਵਿਚ ਇਹ ਆਦਿ ਗ੍ਰੰਥ ਸਾਹਿਬ ਰਾਮਸਰ ਤੋਂ ਹਰੀਮੰਦਰ ਸਾਹਿਬ ਵਿਚ ਪਰਵੇਸ਼ ਹੋਏ ਅਤੇ ੩੦ ਅਗਸਤ ੧੬੦੪ ਈ: ਨੂੰ ਇਸ ਇਲਾਹੀ ਗ੍ਰੰਥ ਦਾ ਪਹਿਲੀ ਵਾਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਕਾਸ਼ ਹੋਇਆ। ਭਾਈ ਬੁਢਾ ਜੀ ਨੇ ਪਹਿਲਾ ਹੁਕਮਨਾਮਾ ਲਿਆ। ਉਸ ਸਮੇਂ ਜੋ ਫੁਰਮਾਨ ਨਿਕਲਿਆ ਉਹ ਇਸ ਪਰਕਾਰ ਹੈ -

*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ*
*ਧਰਤ ਸੁਹਾਵੀ ਤਾਲੁ ਸੁਹਾਵਾ*
*ਵਿਚਿ ਅੰਮ੍ਰਿਤ ਜਲੁ ਛਾਇਆ ਰਾਮ*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ*
*ਸਗਲ ਮਨੋਰਥ ਪੂਰੇ*
*ਜੈ ਜੈ ਕਾਰੁ ਭਇਆ*
*ਜਗ ਅੰਤਰਿ ਲਾਥੇ ਸਗਲ ਵਿਸੂਰੇ*
*ਪੂਰਨ ਪੁਰਖ ਅਚੁਤ ਅਬਿਨਾਸੀ*
*ਜਸ ਵੇਦ ਪੁਰਾਣੀ ਗਾਇਆ*
*ਅਪਨਾ ਬਿਰਦੁ ਰਖਿਆ*
*ਪਰਮੇਸਰਿ ਨਾਨਕ ਨਾਮੁ ਧਿਆਇਆ॥*

*ਅੰਗ - ੭੮੩*

ਆਦਿ ਗ੍ਰੰਥ ਸਾਹਿਬ ਦੇ ਇਸ ਪਹਿਲੇ ਹੁਕਮਨਾਮੇ ਦਾ ਇਤਨਾ ਨੇੜੇ ਦਾ ਸੁਮੇਲ ਉਸ 'ਪਵਿਤਰ ਸਰੋਵਰ' ਹਰੀ ਮੰਦਰ ਤੇ ਸੰਤਾਂ ਦੇ ਕਾਰਜ ਨਾਲ ਦੇਖ ਕੇ ਸੰਗਤਾਂ ਵਿਸਮਾਦ ਵਿਚ ਆ ਗਈਆਂ ਤੇ ਸਭ ਨੇ ਇਵੇਂ ਮਹਿਸੂਸ ਕੀਤਾ ਕਿ ਸਭ ਕੁਝ ਵਾਹਿਗੁਰੂ ਆਪ ਹੀ ਕਰਵਾ ਰਹੇ ਹਨ। ਇਵੇਂ ਆਦਿ ਗ੍ਰੰਥ ਸਾਹਿਬ ਦੇ ਹਰੀ ਮੰਦਰ ਸਾਹਿਬ ਵਿਚ ਇਸ ਸਤਿਕਾਰੀ ਭਾਵਨਾ ਸਹਿਤ ਬਿਰਾਜਮਾਨ ਹੋ ਜਾਣ ਨਾਲ ਵਿਸ਼ਵ ਤੇ ਅਧਿਆਤਮਕ ਇਤਿਹਾਸ ਵਿਚ ਇਕ ਅਹਿਮ ਘਟਨਾ ਵਾਪਰੀ। ਹਰ ਰੋਜ਼ ਰਾਤ ਨੂੰ ਜਦ ਆਦਿ ਗ੍ਰੰਥ ਸਾਹਿਬ ਦਾ ਸੁਖਆਸਨ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਸੁਖ ਆਸਨ ਵਾਲੇ ਪਲੰਘ ਦੇ ਨਾਲ ਥੱਲੇ ਜ਼ਮੀਨ ਤੇ ਹੀ ਲੇਟ ਜਾਂਦੇ ਤੇ ਇਸ ਤਰ੍ਹਾਂ ਅਕਾਲ ਪੁਰਖ ਦੇ ਰੂਪ ਹੋਣ ਦੇ ਬਾਵਜੂਦ ਵੀ ਉਹ ਆਦਿ ਗ੍ਰੰਥ ਸਾਹਿਬ ਦਾ ਬੇਹਦ ਸਤਿਕਾਰ ਕਰਦੇ। ਉਹ ਜਾਣੀ ਜਾਣ ਸਨ ਤੇ ਜਾਣਦੇ ਸਨ ਕਿ ਕੁਝ ਸਮਾਂ ਪਾ ਕੇ ਇਹੀ 'ਪਰਮੇਸਰ ਰੂਪ ਪੋਥੀ' ਮਾਨਵਤਾ ਦੇ ਜੁਗੋ ਜੁਗ ਅਟੱਲ ਗੁਰੂ ਬਣ ਕੇ ਉਸ ਦਾ ਪਥ ਪਰਦਰਸ਼ਨ ਕਰਿਆ ਕਰਨਗੇ। ਇਸ ਲਈ ਉਨ੍ਹਾਂ ਨੇ ਆਪਣੇ ਹਿਰਦੇ ਦੀਆਂ ਡੂੰਘਾਈਆਂ ਤੋਂ ਇਸ ਹੋਣ ਵਾਲੇ ਸ਼ਬਦ ਗੁਰੂ ਦਾ ਅਦਬ ਸਤਿਕਾਰ ਆਪ ਕੀਤਾ ਤੇ ਸੰਗਤਾਂ ਤੋਂ ਕਰਵਾਇਆ। ਇਸ ਪਹਿਲੇ ਪ੍ਰਕਾਸ਼ ਦਿਵਸ ਨੂੰ ਸਿਖ ਜਗਤ ਵਿਚ ਪਹਿਲੇ ਗੱਦੀ ਨਸ਼ੀਨੀ ਦਿਵਸ' ਵਜੋਂ ਬੜੇ ਚਾਵਾਂ ਤੇ ਮਲਹਾਰਾਂ ਨਾਲ ਮਨਾਇਆ ਜਾਂਦਾ ਹੈ। ਸੂਰਾ ਪੱਤਰ ਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰ ਸੰਗਤਾਂ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਓ ਜੀ।

# ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਅੱਜ ਦਾ ਵਾਤਾਵਰਣ

*(ਭਾਈ ਮਨਮੋਹਣ ਸਿੰਘ ਜੀ ਬੱਲ)*

ਸਚਖੰਡ ਪਿਆਨੇ ਤੋਂ ਤਿੰਨ ਦਿਨ ਪਹਿਲਾਂ ੫ ਅਕਤੂਬਰ ੧੭੦੮ ਈ: ਵਾਲੇ ਦਿਨ ਸਾਰੀ ਸਿੱਖ ਸੰਗਤ ਨੂੰ ਇਕੱਠਾ ਕਰ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ ਕੇ ਪੂਰਨ ਗੁਰੂ ਦੀ ਪਦਵੀ ਦਿੱਤੀ, ਕਿਉਂਕਿ ਆਉਣ ਸਮੇਂ ਦਾ ਉਨ੍ਹਾਂ ਨੂੰ ਪਤਾ ਸੀ ਕਿ –

*ਘਰਿ ਘਰਿ ਹੋਇ ਬਹੇਂਗੇ ਰਾਮਾ॥*
*ਤਿਨ ਤੇ ਸਰੇ ਨਾ ਕੋਊ ਕਾਮਾ।*

ਆਪਣਾ ਸੀਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਝੁਕਾਇਆ।

*ਪੈਸੇ ਪਾਂਚ ਨਾਲੇਰ ਲੈ ਤਿਸ ਅਗਰ ਟਿਕਾਯੋ॥*
*ਕਰ ਪ੍ਰਕਰਮਾ ਗੁਰੂ ਜੀ ਨਿਜ ਮਾਧ ਕਾਯੋ॥*
*ਗੁਰੂ ਗ੍ਰੰਥ ਕੋ ਗੁਰੂ ਥਾਪਿਯੋ ਕੁਣਕਾ ਬਟਵਾਯੋ॥*

ਗੁਰੂ ਨਾਨਕ ਸਾਹਿਬ ਜੀ ਤੋਂ ਲੈ ਦਸਮ ਪਿਤਾ ਤੱਕ ਇਕੋ ਹੀ ਜੋਤਿ ਸੀ। ਉਹ ਜੋਤਿ ਫਿਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਵੇਸ਼ ਕਰ ਕੇ ਸਿੱਖ ਪੰਥ ਦੀ ਰਹਿਨੁਮਾਈ ਕਰਨ ਲਗ ਪਈ। ਨੌਂ ਪਾਤਿਸ਼ਾਹੀਆਂ ਤਕ ਚਰਨ ਪਾਹੁਲ ਦੀ ਰੀਤੀ ਰਹੀ ਸੀ। ਦੇਹਧਾਰੀ ਗੁਰੂ ਦੀ ਪਰੰਪਰਾ ਬੰਦ ਹੋ ਜਾਣ ਕਰਕੇ ਦਸਮ ਪਿਤਾ ਜੀ ਨੇ ਸਿੱਖੀ ਵਿਚ ਸ਼ਾਮਲ ਹੋਣ ਲਈ ਚਰਨ ਪਾਹੁਲ ਦੀ ਥਾਂ ਖੰਡੇ ਦੇ ਅੰਮ੍ਰਿਤ ਦੀ ਰੀਤੀ ਚਲਾਈ ਤੇ ਹੁਕਮ ਦਿਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰ-ਦੀਖਿਆ ਪ੍ਰਾਪਤ ਕਰੋ ਅਤੇ ਰਹਿਤ ਵਿਚ ਪ੍ਰਪੱਕ ਹੋ ਕੇ ਇਕ ਅਕਾਲੀ ਸ਼ਬਦ ਦੀ ਪੂਜਾ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਆਦੇਸ਼ ਨੂੰ ਕਮਾਉਣਾ ਹੈ। ਦਸਮ ਪਾਤਸ਼ਾਹ ਜੀ ਫੁਰਮਾਣ ਕਰਦੇ ਹਨ –

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨਾ ਕਰੋਂ ਇਨ ਕੀ ਪ੍ਰਤੀਤਿ॥*

ਸਪੱਸ਼ਟ ਹੈ ਕਿ ਗੁਰੂ ਸਾਹਿਬ ਤਦ ਹੀ ਖੁਸ਼ ਹਨ ਜੇਕਰ ਖਾਲਸਾ ਬਾਕੀ ਜਗ ਤੋਂ ਨਿਆਰਾ ਰਹੇ। ਇਸ ਦੇ ਉਲਟ ਜੇਕਰ ਅੰਮ੍ਰਿਤ ਛਕ ਕੇ ਵੀ ਮੜ੍ਹੀਆਂ ਮਸਾਣਾਂ ਦੀ ਪੂਜਾ ਕਰਦਾ ਰਿਹਾ, ਧਾਗੇ ਤਵੀਤਾਂ, ਜੰਤਰਾਂ ਮੰਤਰਾਂ ਉਤੇ ਵਿਸ਼ਵਾਸ ਰੱਖਦਾ ਰਿਹਾ, ਦੇਹਧਾਰੀ ਕਚੇ ਪਿੱਲਿਆਂ ਤੇ ਆਪੇ ਬਣ ਬੈਠੇ ਗੁਰੂਆਂ ਮਗਰ ਭਜਦਾ ਫਿਰਿਆ, ਆਨ ਮੱਤੀ ਕੁਰੀਤੀਆਂ ਵਿਚ ਉਲਝਿਆ ਰਿਹਾ ਤਾਂ ਉਸ ਦਾ ਰਸਮੀ ਤੌਰ ਤੇ ਅੰਮ੍ਰਿਤ ਛਕਿਆ ਕਿਸੇ ਲੇਖੇ ਨਹੀਂ। ਅਜਿਹੇ ਪ੍ਰਾਣੀਆਂ ਦੀ ਕਲਗੀਧਰ ਪਾਤਸ਼ਾਹ ਦੇ ਫੁਰਮਾਨ ਅਨੁਸਾਰ ਕੋਈ ਕੀਮਤ ਨਹੀਂ ਪੈਣੀ।

*ਸਰਬ ਕੀ ਰੇਨ ਜਾ ਕਾ ਮਨੁ ਹੋਇ॥*
*ਕਹੁ ਨਾਨਕ ਤਾ ਕੀ ਨਿਰਮਲ ਸੋਇ॥*

ਜਿਹੜਾ ਮਨੁੱਖ ਆਪਣੇ ਆਪ ਨੂੰ ਸਭਨਾਂ ਦੀ ਧੂੜੀ ਸਮਝਦਾ ਹੈ, ਉਹ ਹੀ ਨਿਰੰਕਾਰ ਵਾਹਿਗੁਰੂ ਦੀ ਦਰਗਾਹ ਵਿਚ ਮਨਜ਼ੂਰ ਹੁੰਦਾ ਹੈ ਅਤੇ ਸਾਰਿਆਂ ਲੋਕਾਂ ਵਿਚ ਉਸ ਦੀ ਸ਼ੋਭਾ ਹੁੰਦੀ ਹੈ। ਸਭ ਉਸ ਦਾ ਦਿਲੋਂ ਮਾਣ ਕਰਦੇ ਹਨ। ਪਰ ਜੋ ਲੋਕ ਅੰਮ੍ਰਿਤ ਛਕ ਕੇ ਪੰਥ ਦੇ ਮੁਖੀ ਨੇਤਾ ਅਖਵਾ ਕੇ ਆਪਣੇ ਸਵਾਰਥ ਵਾਸਤੇ ਸਿੱਖ ਪੰਥ ਦੇ ਦੋਖੀਆਂ ਅੱਗੇ ਵੀ ਝੋਲੀ ਅੱਡੀ ਫਿਰਦੇ ਹਨ ਕਿ ਤੁਹਾਡੀ ਖ਼ੈਰ ਪਾਉਣ ਨਾਲ ਮੇਰੀ ਪੰਥ ਵਿਚ ਸ਼ਾਨ ਬਣਦੀ ਹੈ, ਇਹੋ ਜਿਹੇ ਲੋਕਾਂ ਨੂੰ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਕਦੇ ਵੀ ਮੁਆਫ ਨਹੀਂ ਕਰਨਗੇ। ਉਨ੍ਹਾਂ ਨੇ ਆਪਣਾ ਸਾਰਾ ਸਰਬੰਸ ਧਰਮ ਦੇ ਉਤੋਂ ਕੁਰਬਾਨ ਕਰ ਦਿੱਤਾ, ਪਰ ਧਰਮ ਦੇ ਦੋਖੀਆਂ ਦੀ ਕਦੇ ਵੀ ਈਨ ਨਹੀਂ ਮੰਨੀ। ਪਰ ਅੱਜ ਸਾਨੂੰ ਆਪਣੇ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਪੰਥ ਦੀ ਗੱਦਾਰੀ ਕਰਨ ਵਾਲੇ ਮੁੱਢ ਤੋਂ ਹੀ ਚਲੇ ਆ ਰਹੇ ਹਨ

**(ਬਾਕੀ ਪੰਨਾ 30 'ਤੇ)**

# ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਵੇਰਵਾ

ਇਸ ਪੁਸਤਕ ਵਿਚ ਪੂਰੇ ਵਿਸਥਾਰ ਨਾਲ ਦਸਿੱਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਚਾਰ ਪਰਕਾਰ ਦੇ ਮਹਾਂਪੁਰਖਾਂ ਦੀ ਬਾਣੀ ਦਰਜ ਹੈ। ਉਨ੍ਹਾਂ ਦੇ ਸ਼ਬਦਾਂ ਦਾ ਨਖੇੜ ਨਿਮਨ ਅਨੁਸਾਰ ਹੈ –

**੧. ਸਿਖ ਗੁਰੂ ਸਾਹਿਬਾਨ ਦੀ ਬਾਣੀ**

| | |
|---|---|
| ੧. ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | ੯੭੪ ਸ਼ਬਦ |
| ੨. ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੬੨ ਸ਼ਬਦ |
| ੩. ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੯੦੭ ਸ਼ਬਦ |
| ੪. ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | ੬੭੯ ਸ਼ਬਦ |
| ੫. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੨੨੧੮ ਸ਼ਬਦ |
| (ਗੁਰੂ ਅਰਜਨ ਦੇਵ ਜੀ ਨੇ ੩੦ ਰਾਗਾਂ ਵਿਚ ਬਾਣੀ ਰਚੀ) | |
| ੬. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੧੧੫ ਸ਼ਬਦ |
| (੩੧ ਵੇਂ ਰਾਗ ਜੈਜਾਵੰਤੀ ਵਿਚ ਵੀ ਬਾਣੀ ਰਚੀ) | ਜੋੜ = ੪੯੫੫ ਸ਼ਬਦ |
| (ਕੁਝ ਸਜਣ ਇਸੇ ਬਾਣੀ ਨੂੰ ੪੯੪੯ ਸ਼ਬਦਾਂ ਵਿਚ ਗਿਣਦੇ ਹਨ) | |

**੨. ੧੫ ਭਾਰਤੀ ਭਗਤਾਂ ਦੀ ਬਾਣੀ**

| | |
|---|---|
| ੧. ਬਾਬਾ ਸ਼ੇਖ ਫਰੀਦ ਸਾਹਿਬ ਜੀ | ੧੧੬ ਸ਼ਬਦ |
| ੨. ਭਗਤ ਜੈ ਦੇਵ ਸਾਹਿਬ ਜੀ | ੨ ਸ਼ਬਦ |
| ੩. ਭਗਤ ਤਿਰਲੋਚਨ ਸਾਹਿਬ ਜੀ | ੪ ਸ਼ਬਦ |
| ੪. ਭਗਤ ਨਾਮ ਦੇਵ ਸਾਹਿਬ ਜੀ | ੬੧ ਸ਼ਬਦ |
| ੫. ਭਗਤ ਰਾਮਾਨੰਦ ਸਾਹਿਬ ਜੀ | ੧ ਸ਼ਬਦ |
| ੬. ਭਗਤ ਕਬੀਰ ਸਾਹਿਬ ਜੀ | ੫੪੧ ਸ਼ਬਦ |

(ਪਹਿਲੇ, ਤੀਜੇ, ਚੌਥੇ ਅਤੇ ਪੰਜਵੇਂ ਗੁਰੂ ਸਾਹਿਬ ਤੋਂ ਮਗਰੋਂ ਸਭ ਤੋਂ ਵਧ ਇਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

| | |
|---|---|
| ੭. ਭਗਤ ਰਵੀਦਾਸ ਸਾਹਿਬ ਜੀ | ੪੦ ਸ਼ਬਦ |
| ੮. ਭਗਤ ਸੈਣ ਸਾਹਿਬ ਜੀ | ੧ ਸ਼ਬਦ |
| ੯. ਭਗਤ ਧੰਨਾ ਸਾਹਿਬ ਜੀ | ੩ ਸ਼ਬਦ |

| | |
|---|---|
| ੧੦. ਭਗਤ ਪੀਪਾ ਸਾਹਿਬ ਜੀ | ੧ ਸ਼ਬਦ |
| ੧੧. ਭਗਤ ਪਰਮਾਨੰਦ ਸਾਹਿਬ ਜੀ | ੧ ਸ਼ਬਦ |
| ੧੨. ਭਗਤ ਸੂਰਦਾਸ ਸਾਹਿਬ ਜੀ | ੧ ਸ਼ਬਦ |

(ਮਹਾਨ ਕੋਸ਼ ਵਿਚ ਗਿਣਤੀ ੨ ਦਿਤੀ ਗਈ ਹੈ ਜੋ ਠੀਕ ਨਹੀਂ ਜਾਪਦੀ ਕਿਉਂਕਿ ਸੂਰਦਾਸ ਜੀ ਦੇ ਨਾਂ ਹੇਠ ਲਿਖਿਆ ਦੂਜਾ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਹੋਇਆ ਹੈ।) ਸਭ ਮਹਾਂ ਪੁਰਖਾਂ ਨਾਲੋਂ ਘਟ ਬਾਣੀ ਇਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜੋ ਇਕੋ ਸੰਖੇਪ ਪੰਗਤੀ ਤੇ ਅਧਾਰਤ ਹੈ।

| | |
|---|---|
| ੧੩. ਭਗਤ ਭੀਖਨ ਸਾਹਿਬ ਜੀ | ੨ ਸ਼ਬਦ |
| (ਇਹ ਘੁੜਾਮ ਨਿਵਾਸੀ ਦਰਵੇਸ਼ ਭੀਖਮ ਸ਼ਾਹ ਨਹੀਂ ਹਨ) | |
| ੧੪. ਭਗਤ ਸਧਨਾ ਸਾਹਿਬ ਜੀ | ੧ ਸ਼ਬਦ |
| ੧੫. ਭਗਤ ਬੇਣੀ ਸਾਹਿਬ ਜੀ | ੩ ਸ਼ਬਦ |
| | ਜੋੜ = ੨੨੮ ਸ਼ਬਦ |

## ੩. ਗੁਰੂ ਘਰ ਦੇ ਪ੍ਰੇਮੀ ਗੁਰਸਿਖ ਸਾਹਿਬਾਨ ਦੀ ਬਾਣੀ

| | |
|---|---|
| ੧. ਭਾਈ ਮਰਦਾਨਾ ਸਾਹਿਬ ਜੀ | ੩ ਸ਼ਬਦ |
| ੨. ਰਬਾਬੀ ਬਲਵੰਡ ਸਾਹਿਬ ਜੀ | ੫ ਸ਼ਬਦ |
| ੩. ਰਬਾਬੀ ਸੱਤਾ ਸਾਹਿਬ ਜੀ | ੩ ਸ਼ਬਦ |
| ੪. ਬਾਬਾ ਸੁੰਦਰ ਸਾਹਿਬ ਜੀ | ੬ ਸ਼ਬਦ |

## ੪. ਗਿਆਰਾਂ ਅਰਸ਼ੀ ਭੱਟਾਂ ਦੀ ਬਾਣੀ

| | |
|---|---|
| ੧. ਭਟ ਕੁਲ ਸਹਾਰ ਸਾਹਿਬ ਜੀ | ੫੪ ਸ਼ਬਦ/ਸਵਈਏ (ਕੁਝ ਅਨੁਸਾਰ ੫੬) |
| ੨. ਭਟ ਗਯੰਦ ਸਾਹਿਬ ਜੀ | ੧੩ ਸ਼ਬਦ |
| ੩. ਭਟ ਭਿਖਾ ਸਾਹਿਬ ਜੀ | ੨ ਸ਼ਬਦ |
| ੪. ਭਟ ਕੀਰਤ ਸਾਹਿਬ ਜੀ | ੮ ਸ਼ਬਦ |
| ੫. ਭਟ ਮਥੁਰਾ ਸਾਹਿਬ ਜੀ | ੧੨ ਸ਼ਬਦ |
| ੬. ਭਟ ਜਾਲਪ ਸਾਹਿਬ ਜੀ | ੫ ਸ਼ਬਦ |
| ੭. ਭਟ ਸਲ੍ਯ ਸਾਹਿਬ ਜੀ | ੩ ਸ਼ਬਦ |
| ੮. ਭਟ ਭਲ੍ਯ ਸਾਹਿਬ ਜੀ | ੧ ਸ਼ਬਦ |
| ੯. ਭਟ ਬਲ੍ਯ ਸਾਹਿਬ ਜੀ | ੫ ਸ਼ਬਦ |
| ੧੦. ਭਟ ਹਰਿਬੰਸ ਸਾਹਿਬ ਜੀ | ੨ ਸ਼ਬਦ |
| ੧੧. ਭਟ ਨਲ੍ਯ ਸਾਹਿਬ ਜੀ | ੧੬ ਸ਼ਬਦ |
| | ਜੋੜ = ੧੨੧ |

ਕੁਝ ਵਿਦਵਾਨ ਇਨ੍ਹਾਂ ੧੨੧ ਸਵਈਆਂ ਨੂੰ ੧੨੩ ਸਵਈਆਂ ਵਿਚ ਵੰਡਦੇ ਹਨ। ਸਮੁੱਚਾ ਜੋੜ ੪੯੫੫+੨੨੮+੧੭ +੧੨੧ = ੫੩੨੧ ਸ਼ਬਦ (ਪੀਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ)

# ਧੁਰ ਕੀ ਬਾਣੀ ਆਈ

*(ਬੀਬੀ ਅਜੀਤ ਕੌਰ ਜੀ)*

ਦਰਸਾਈ ਬਾਣੀ ਇਲਾਹੀ ਬਾਣੀ ਹੈ, ਧੁਰ ਕੀ ਬਾਣੀ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਨਿਰੰਕਾਰ ਵਲੋਂ ਹੁਕਮ ਹੁੰਦਾ ਤਾਂ ਉਹ ਮਰਦਾਨੇ ਨੂੰ ਕਹਿੰਦੇ ਮਰਦਾਨਿਆਂ ਛੇੜ ਰਬਾਬ ਬਾਣੀ ਆਈ ਹੈ।

ਆਪ ਜੀ ਨੇ ਇਸ ਬਾਰੇ ਕਿਹਾ ਹੈ-

*ਜੈਸੀ ਮੈਂ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨ ਵੇ ਲਾਲੋ॥ ਅੰਗ - ੭੨੨*

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਓ॥ ਅੰਗ -੭੬੩*

*ਤਾ ਮੈਂ ਕਹਿਆ ਕਹਿਣ ਜਾ ਤੁਝੇ ਕਹਾਇਆ॥*
*ਅੰਗ - ੫੬੬*

ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ -

*ਸਬਦੈ ਉਪਜੈ ਅੰਮ੍ਰਿਤ ਬਾਣੀ*
*ਗੁਰਮੁਖਿ ਆਖਿ ਸੁਣਾਵਣਿਆ॥ ਅੰਗ - ੨੫*

ਗੁਰੂ ਰਾਮਦਾਸ ਜੀ ਦਾ ਕਥਨ ਹੈ -

*ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨ॥*
*ਅੰਗ - ੭੩੪*

ਪੰਜਵੇਂ ਗੁਰ ਅਰਜਨ ਦੇਵ ਜੀ ਫੁਰਮਾਉਂਦੇ ਹਨ -

*ਧੁਰ ਕੀ ਬਾਣੀ ਆਈ*
*ਤਿਨਿ ਸਗਲੀ ਚਿੰਤ ਮਿਟਾਈ॥ ਅੰਗ - ੬੨੮*

*ਨਾਨਕ ਬੋਲੇ ਤਿਸ ਕਾ ਬੋਲਾਇਆ॥ ਅੰਗ - ੧੨੭੧*

ਗੁਰੂ ਤੇਗ ਬਹਾਦਰ ਜੀ ਦਾ ਮੁਖਵਾਕ ਹੈ -

*ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨ ਰੇ ਭਾਈ॥*
*ਅੰਗ - ੭੨੭*

ਸਤਿਗੁਰਾਂ ਦਾ ਸਾਨੂੰ ਇਹ ਉਪਦੇਸ਼ ਹੈ ਕਿ -

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ॥ ਅੰਗ - ੩੦੮*

ਗੁਰਬਾਣੀ ਦੇ ਉਪਰੋਕਤ ਵਾਕਅੰਸ਼ਾ ਤੋਂ ਸਾਫ਼ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਗੁਰ ਕੀ ਬਾਣੀ ਹੈ ਤੇ ਇਸ ਵਿੱਚ ਕਿਸੇ ਪ੍ਰਕਾਰ ਦੀ ਕੋਈ ਮਿਲਾਵਟ ਨਹੀਂ ਹੈ ਤੇ ਇਹ ਸੱਚਾ-ਗ੍ਰੰਥ ਗੁਰੂ ਗ੍ਰੰਥ ਸਾਹਿਬ ਹੈ।

ਰੱਬ ਨੂੰ ਜਾਣ ਲੈਣਾ ਏਨਾ ਸੌਖਾ ਨਹੀਂ ਜਿੰਨਾ ਔਖਾ ਉਸ ਬਾਰੇ ਦੱਸਣਾ ਤੇ ਸੁਣਾਵਨਾ ਹੈ। ਇਸੇ ਲਈ ਜਿੰਨ੍ਹਾਂ ਨੇ ਉਸ ਬਾਰੇ ਕੁਝ ਜਾਣ ਲਿਆ ਉਹ ਤਾਂ ਚੁੱਪ ਹੋ ਗਏ ਜਾਂ ਆਪਣੇ ਨਿਕਟਵਰਤੀਆਂ ਨੂੰ ਕੁਝ ਇਸਾਰੇ ਦੇ ਕੇ ਚਲੇ ਗਏ। ਕਿਸੇ ਨੇ ਵੀ ਧਰਮ-ਗ੍ਰੰਥ ਆਪ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ।

ਰੱਬ ਦਾ ਅਨੁਭਵ ਉਦੋਂ ਹੁੰਦਾ ਹੈ ਜਦੋਂ ਕੋਈ ਸਰੀਰ ਤੋਂ ਪਾਰ, ਸਵਾਸਾਂ ਤੋਂ ਪਾਰ ਬੁੱਧੀ ਤੋਂ ਪਰੇ, ਵਿਚਾਰ ਤੋਂ ਪਰੇ ਤੇ ਮਨ ਤੋਂ ਪਰੇ ਦੀ ਅਵਸਥਾ ਤੱਕ ਪਹੁੰਚ ਜਾਂਦਾ ਹੈ। ਉਸ ਨੂੰ ਬ੍ਰਹਮ-ਗਿਆਨ, ਅਨਹਦ-ਨਾਦ ਤੇ ਪਰਮ-ਅਨੰਦ ਉਦੋਂ ਹੁੰਦਾ ਹੈ ਜਦੋਂ ਮਨ ਤੇ ਇੰਦਰੀਆਂ ਹਾਜ਼ਰ ਨਹੀਂ ਹੁੰਦੀਆਂ ਪਰ ਜਦੋਂ ਕੁਝ ਲੋਕਾਂ ਨੂੰ ਦੱਸਣਾ ਪੈਂਦਾ ਹੈ ਤਾਂ ਬੁੱਧੀ, ਮਨ ਤੇ ਇੰਦਰੀਆਂ ਨੂੰ ਹਾਜ਼ਰ ਹੋਣਾ ਪੈਂਦਾ ਹੈ। ਵਾਹਿਗੁਰੂ ਨੂੰ ਅਗਮ ਅਗੋਚਰ ਕਿਹਾ ਗਿਆ ਹੈ ਤੇ ਉਸਦਾ ਗਿਆਨ, ਇੰਦਰੀਆਂ ਤੋਂ ਪਰੇ ਦਾ ਹੈ ਪਰ ਦੱਸਣਾ ਇੰਦਰੀਆਂ ਰਾਹੀਂ ਹੀ ਹੁੰਦਾ ਹੈ। ਭਾਰਤੀ ਧਰਮ ਗ੍ਰੰਥਾਂ ਨੂੰ ਸ਼ਰੁਤੀ-ਸਿਮਰਤੀ ਕਹਿੰਦੇ ਹਨ। ਸ਼ਰੁਤੀ ਤੋਂ ਭਾਵ ਹੈ ਸੁਣਕੇ ਤੇ ਸਿਮਰਤੀ ਤੋਂ ਭਾਵ ਹੈ ਯਾਦ ਕਰਕੇ। ਇਹਨਾ ਗ੍ਰੰਥਾਂ ਦੀ ਭਾਸ਼ਾ ਆਮ ਲੋਕਾਂ ਦੀ ਸਮਝ ਤੋਂ ਪਰੇ ਦੀ ਸੀ ਇਸ ਲਈ ਜੋ ਥੋੜੀ ਬਹੁਤੀ ਸਮਝ ਰਖਦੇ ਸਨ ਉਹਨਾਂ ਨੇ ਆਪਣੀ ਰੋਜ਼ੀ ਰੋਟੀ ਤੋਰਨ ਲਈ ਇਸ ਦੀ ਵਰਤੋਂ ਕੀਤੀ। ਭਾਰਤ

ਵਿੱਚ ਹਿੰਦੂ ਮੱਤ ਤੋਂ ਇਲਾਵਾ ਹੋਰ ਵੀ ਕਈ ਮੌਤ ਪ੍ਰਚਲਤ ਹੋਏ। ਜਿਵੇਂ ਜੈਨ-ਮਤ ਤੇ ਬੁੱਧ-ਮਤ। ਪਰ ਇਹਨਾਂ ਮਤਾਂ ਦੇ ਮੋਢੀਆਂ ਨੇ ਆਪਣੀ ਹੱਥੀਂ ਕੋਈ ਗ੍ਰੰਥ ਨਹੀਂ ਸਿਰਜਿਆ। ਇਹਨਾਂ ਧਰਮਾਂ ਦੇ ਗ੍ਰੰਥ ਬਹੁਤ ਸਮਾਂ ਬਾਅਦ ਇਹਨਾ ਦੇ ਪੈਰੋਕਾਰਾਂ ਦੁਆਰਾ ਰਚੇ ਗਏ। ਇਸੇ ਤਰ੍ਹਾਂ ਇਸਾਈ ਧਰਮ ਦਾ ਗ੍ਰੰਥ ਬਾਈਬਲ ਯਹੂਦੀਆਂ ਤੇ ਇਸਾਈਆਂ ਦਾ ਸਾਂਝਾ ਗ੍ਰੰਥ ਹੈ ਜੋ ੬੬ ਪੋਥੀਆਂ ਦਾ ਸੰਗ੍ਰਹਿ ਹੈ, ਜੋ ੧੬੦੦ ਸਾਲ ਦੇ ਲੰਬੇ ਅਰਸੇ ਵਿੱਚ ਲਿਖਿਆ ਗਿਆ।

ਈਸਾਂ ਦੇ ੬੦੦ ਸਾਲ ਬਾਅਦ ਇਸਲਾਮ ਧਰਮ ਹੋਂਦ ਵਿੱਚ ਆਇਆ। ਹਜ਼ਰਤ ਮੁਹੰਮਦ ਨੇ ਆਪ ਕੋਈ ਗ੍ਰੰਥ ਨਹੀਂ ਲਿਖਿਆ। ਉਸ ਦੇ ਮੂੰਹੋਂ ਵੱਖ-ਵੱਖ ਸਥਾਨ ਤੇ ਕਹੀਆਂ ਗਈਆਂ ਆਇਤਾਂ ਨੂੰ ਬਾਅਦ ਵਿੱਚ ਇਕੱਠੀਆਂ ਕਰਕੇ ਕੁਰਾਨ ਦਾ ਨਾਮ ਦਿੱਤਾ ਗਿਆ।

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਦੁਨੀਆਂ ਦੇ ਜਿੰਨੇ ਵੀ ਧਰਮ-ਗ੍ਰੰਥ ਹੋਏ ਹਨ ਉਹ ਜਾਣਨ ਵਾਲਿਆਂ ਨੇ ਨਹੀਂ ਲਿਖੇ ਸਗੋਂ ਲਿਖਣ ਦਾ ਕੰਮ ਬਹੁਤ ਸਮਾਂ ਬਾਅਦ ਵਿੱਚ ਹੋਇਆ। ਇਹ ਕੰਮ ਪੁੱਛ-ਪੁੱਛ ਕੇ ਸੁਣ ਸੁਣ ਕੇ ਤੇ ਸੋਧ-ਸੋਧ ਕੇ ਕੀਤਾ ਗਿਆ। ਮਨੁੱਖ ਦੀ ਕਮਜ਼ੋਰ ਯਾਦ-ਦਾਸ਼ਤ, ਪੂਰੀ ਗੱਲ ਨਾ ਸੁਣਨ ਦੀ ਵਾਦੀ ਤੇ ਆਪਣੇ ਕੋਲੋਂ ਕੁਝ ਵਾਧਾ-ਘਾਟਾ ਕਰਨ ਦੀ ਆਦਤ ਦਾ ਸਿੱਟਾ ਹੈ ਕਿ ਧਰਮ-ਗ੍ਰੰਥ ਵਿੱਚ ਉਹ ਕੁਝ ਨਹੀਂ ਜੋ ਕੁਝ ਕਿਹਾ ਗਿਆ ਹੈ ਤੇ ਜੋ ਹੈ ਉਹ ਕਿਹਾ ਨਹੀਂ ਗਿਆ।

ਗੁਰੂ ਨਾਨਕ ਦੇਵ ਜੀ ਨੇ ਇਹਨਾਂ ਸਭ ਧਰਮਾਂ ਦਾ ਅਧਿਅਨ ਕੀਤਾ ਤੇ ਇਹਨਾ ਦੇ ਮੰਨਣ ਵਾਲਿਆਂ ਦੀ ਅਗਿਆਨਤਾ ਤੇ ਮਿਲਾਵਟ ਵੀ ਗੁਰੂ ਜੀ ਦੇ ਸਾਮ੍ਹਣੇ ਸੀ। ਗੁਰੂ ਜੀ ਨੇ ਆਪਣੀ ਬਾਣੀ ਲਿਖਣ ਦਾ ਨਿਰਣਾ ਲਿਆ। ਇਹ ਕੰਮ ਉਹਨਾਂ ਨੇ ਸੁਣਨ ਵਾਲਿਆਂ ਤੇ ਨਹੀਂ ਛੱਡਿਆ। ਇਸ ਮਨੋਰਥ ਦੀ ਪੂਰਤੀ ਲਈ ਆਪ ਬਾਣੀ ਲਿਖਕੇ ਪੋਥੀ ਦੇ ਰੂਪ ਵਿੱਚ ਸੰਭਾਲਦੇ ਗਏ। ਇਸੇ ਤਰ੍ਹਾਂ ਬਾਕੀ ਗੁਰੂਆਂ ਨੇ ਵੀ ਪੋਥੀਆਂ ਵਿੱਚ ਆਪਣੀ ਬਾਣੀ ਸੰਭਾਲੀ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਇਹਨਾ ਪੋਥੀਆਂ ਦਾ ਸੰਗ੍ਰਹਿ ਕਾਫ਼ੀ ਹੋ ਚੁੱਕਾ ਸੀ ਤੇ ਇਹਨਾਂ ਨੂੰ ਤਰਤੀਬ ਦੇਣ ਦੀ ਲੋੜ ਸੀ। ਵੱਖ-ਵੱਖ ਪੋਥੀਆਂ ਨੂੰ ਸੰਭਾਲਣਾ ਔਖਾ ਸੀ ਤੇ ਇਸ ਵਿੱਚ ਮਿਲਾਵਟ ਹੋਣ ਦਾ ਵੀ ਡਰ ਸੀ। ਗੁਰੂ ਅਰਜਨ ਦੇਵ ਦੇ ਸਮੇਂ ਤੱਕ ਗੁਰੂ ਨਾਨਕ ਦੇਵ ਜੀ ਦੇ ਨਾਂ ਥੱਲੇ ਕਈਆਂ ਨੇ ਕੱਚੀ ਬਾਣੀ ਲਿਖਣੀ ਅਰੰਭ ਕਰ ਦਿੱਤੀ ਸੀ। ਸੋ ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ ਸੰਭਾਲਣ ਦਾ ਕੰਮ ਅਰੰਭਿਆ। ਉਹਨਾਂ ਨੇ ਬੜੀ ਅਣਥੱਕ ਮਿਹਨਤ ਤੇ ਲਗਨ ਨਾਲ ਇਸ ਕੰਮ ਨੂੰ ਸਿਰੇ ਚੜ੍ਹਾਇਆ। ਸਾਰੀ ਬਾਣੀ ਨੂੰ ਰਾਗਾਂ ਵਿੱਚ ਲਿਖਿਆ। ਇਹ ਬਾਣੀ ਸਾਡੇ ਤੱਕ ਸ਼ੁਧ ਰੂਪ ਵਿੱਚ ਆਈ ਹੈ ਤੇ ਸ਼ੁਧ ਰੂਪ ਵਿੱਚ ਸੁਰੱਖਿਅਤ ਹੈ। ਦੁਨੀਆਂ ਦਾ ਇਹ ਇਕੋ-ਇਕ ਧਰਮ-ਗ੍ਰੰਥ ਹੈ ਜੋ ਜਾਣਨ ਵਾਲਿਆਂ ਦਾ ਆਪਣਾ ਲਿਖਿਆ ਹੋਇਆ ਹੈ।

ਇਸ ਧੁਰ ਕੀ ਬਾਣੀ ਦਾ ਸੰਦੇਸ਼ ਸਰਬ-ਦੇਸ਼ੀ ਤੇ ਸਰਬ-ਕਾਲੀ ਹੈ। ਇਸ ਦਾ ਆਸ਼ਾ ਸੱਚਾ ਤੇ ਉਪਦੇਸ਼-ਸੱਚਾ ਹੈ। ਇਹ ਸੱਚ ਤੇ ਅਧਾਰਤ ਹੈ। ਸੱਚ ਕਦੇ ਵੀ ਪੁਰਾਣਾ ਨਹੀਂ ਹੁੰਦਾ ਤੇ ਨਾ ਹੀ ਮੈਲਾ ਹੁੰਦਾ ਹੈ। ਇਸੇ ਲਈ ਸੱਚ-ਪ੍ਰਮਾਤਮਾਂ ਹੈ ਤੇ ਪ੍ਰਮਾਤਮਾ ਸੱਚ ਹੈ। ਇਸੇ ਲਈ ਸਤਿਗੁਰੂ ਜੀ ਸਦੀਵੀ ਤੇ ਅਟੱਲ ਸਿੱਧਾਂ ਦੀ ਗੱਲ ਕਰਦੇ ਹਨ। ਹੇਠਾਂ ਅੰਕਤ ਕੁਝ ਗੁਰ ਵਾਕਾਂ ਵਿੱਚ ਸਤਿਗੁਰਾਂ ਨੇ ਜੋ ਗੱਲਾ ਕਹੀਆਂ ਹਨ ਉਹ ਤ੍ਰੈਕਾਲ ਸਤਿ ਹਨ :- ਜਿਵੇਂ ਕਿ –

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥*
*ਅੰਗ – ੯੫੩*

*ਸੰਸਾਰ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚੁ ਬਿਨਾ॥*
*ਅੰਗ – ੬੮੭*

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*
*ਅੰਗ – ੪੭੦*

*ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥*
*ਅੰਗ – ੪੭੩*

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*
*ਅੰਗ – ੭੪੦*

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*
*ਅੰਗ – ੬੨*

ਗੁਰੂ ਨਾਨਕ ਦੇਵ ਜੀ ਨੂੰ ਜਗਤ-ਗੁਰੂ ਮੰਨਿਆ ਗਿਆ ਹੈ। ਉਹਨਾਂ ਵਲੋਂ ਚਲਾਏ ਗਏ ਨਿਰਮਲ-ਧਰਮ ਤੇ ਗੁਰੂ ਸਾਹਿਬਾਂ ਵਲੋਂ ਰਚੀ ਗਈ ਧੁਰ ਕੀ ਬਾਣੀ ਦੀਆਂ ਅਟੱਲ ਸਚਾਈਆਂ ਨੂੰ ਸੰਸਾਰ ਦੇ ਲੋਕ ਜਿੰਨੀ ਛੇਤੀ ਮਾਨਵ ਤੇ ਵਿਸ਼ਵ-ਏਕਤਾ ਲਈ ਅਪਨਾ ਲੈਣਗੇ ਉਨੀ ਛੇਤੀ ਹੀ ਸੱਚ ਦੀ ਅਣਹੋਂਦ ਤੇ ਅਵਿਸ਼ਵਾਸ ਤੋਂ ਪੈਦਾ ਹੋਏ ਮਤਭੇਦਾਂ ਨੂੰ ਮਿਟਾ ਕੇ ਸਾਰਾ ਸੰਸਾਰ ਪ੍ਰਸਪਰ-ਪਿਆਰਾਂ ਤੇ ਨਿੱਘ ਰਾਹਾਂ ਤੇ ਤੁਰ ਕੇ, ਵਿਸ਼ਵ-ਸ਼ਾਂਤੀ ਤੇ ਖੁਸ਼ਹਾਲੀ ਨੂੰ ਪ੍ਰਾਪਤ ਕਰ ਸਕੇਗਾ।

# ਬਾਣੀ ਗੁਰੂ, ਗੁਰੂ ਹੈ ਬਾਣੀ

*[ਭਾਈ ਹਰਦਿਆਲ ਸਿੰਘ ਜੀ]*

੧. ਸਿੱਖਾਂ ਨੂੰ ਹੁਕਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਗਟ ਗੁਰਾਂ ਦੀ ਦੇਹ ਮੰਨਣਾ ਹੈ ਅਤੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ। ਵੈਸੇ ਤਾਂ ਅਸਲੀ ਸਿੱਖ, ਸਾਧਕ ਜਾਂ ਅਭਿਲਾਖੀ ਹੀ ਹੁੰਦਾ ਹੈ ਪਰੰਤੂ ਵਿਚਾਰਣ ਤੋਂ ਬਾਦ ਇਹ ਸਿੱਟਾ ਨਿਕਲੇਗਾ ਕਿ ਕੇਵਲ ਉਹੋ ਹੀ ਸਿੱਖ ਸਾਧਕ ਬਣਦਾ ਹੈ ਜਿਸ ਤੇ ਗੁਰੂ ਕਿਰਪਾ ਹੁੰਦੀ ਹੈ। ਗੁਰਬਾਣੀ ਦੀ ਦੇਣ ਨੂੰ ਸਾਧਕ ਦੇ ਪਖੋਂ ਵਿਚਾਰਨ ਦੀ ਲੋੜ ਹੈ।

੨. ਗੁਰਬਾਣੀ, ਧੁਰ ਕੀ ਬਾਣੀ, ਮਹਾਂਪੁਰਖ ਦੀ ਬਾਣੀ, ਪ੍ਰਭੂ ਦੀ ਬਾਣੀ, ਅਮੁਲੀਕ ਲਾਲ ਰਤਨ, ਅਡੋਲ ਅਤੇ ਅਟਲ ਬਚਨ ਨਿਜ ਘਰ ਵਾਸਾ ਕਰਵਾਉਣ ਵਿਚ ਸਰਬ ਸਮਰਥ ਹੈ। ਗੁਰਬਾਣੀ ਸਗਲ ਇੱਛਾ ਪੂਰਕ ਹੈ, ਰੋਗ ਅਤੇ ਦੁੱਖ ਨਾਸ਼ਕ, ਕਲੇਸ਼ ਅਤੇ ਕਸ਼ਟ ਨਿਵਾਰਕ, ਭੈ ਅਤੇ ਭਰਮ ਭੰਜਕ, ਸੁੱਖ ਅਤੇ ਕਿਰਪਾ ਸਾਗਰ, ਹਰ ਥਾਂ ਅਤੇ ਹਰ ਵੇਲੇ ਸਹਾਇਕ, ਹਲਤ ਅਤੇ ਪਲਤ ਦੀ ਰੱਖਿਅਕ ਹੈ। ਗੁਰਬਾਣੀ ਮਾਤਾ, ਪਿਤਾ, ਭਾਈ ਅਤੇ ਮਿੱਤਰ ਹੈ। ਵਿਅਕਤੀ ਅਤੇ ਸਮਾਜ ਲਈ ਮਾਰਗ ਦਰਸ਼ਕ, ਸਿਆਣਪ ਭਰਪੂਰ ਅਤੇ ਦਾਨੀ ਹੈ। ਗੁਰਬਾਣੀ ਕੁਦਰਤ ਅਤੇ ਹੁਕਮ ਦਰਸਾਉਂਦੀ ਹੈ। ਗੁਰਬਾਣੀ ਸਤਿਗੁਰੂ ਹੈ, ਇਹ ਤਾਂ ਨਿਰੰਕਾਰ ਹੈ। ਇਹ ਅਕਥ, ਅਗਮ ਅਤੇ ਅਗਾਧਿ ਹੈ। ਇਹ ਪਰੱਤਖ ਵਾਹਿਗੁਰੂ ਹੈ। ਕੇਵਲ ਸਤਿਗੁਰੂ ਦੀ ਬਾਣੀ ਸੱਚੀ ਹੈ।

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥*
*ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥*

*ਕਹਦੇ ਕਚੇ ਸੁਣਦੇ ਕਚੇ*
*ਕਚੀ ਆਖਿ ਵਖਾਣੀ॥ ਅਨੰਦੁ ਸਾਹਿਬ ਪਉੜੀ ੨੪*

*ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ*
*ਸੋ ਕੂੜਿਆਰ ਕੂੜੇ ਝੜਿ ਪੜੀਐ॥ ਅੰਗ - ੩੦੪*

ਸਪਸ਼ਟ ਹੈ ਕਿ ਕੇਵਲ ਸਤਿਗੁਰੂ ਦੀ ਬਾਣੀ ਹੀ ਗੁਣ ਸਾਗਰ ਹੈ।

੩. ਅਗਮ ਅਤੇ ਅਗਾਧਿ ਬਾਣੀ ਦੇ ਗੁਣ ਅਤੇ ਦੇਣ, ਕੌਣ ਬਿਆਨ ਕਰ ਸਕਦਾ ਹੈ, ਕੌਣ ਜਾਣ ਸਕਦਾ ਹੈ। ਕੋਈ ਨਹੀਂ ਕਰ ਸਕਦਾ ਕਿਉਂਕਿ ਇਹ ਸਤਿਗੁਰੂ ਅਤੇ ਵਾਹਿਗੁਰੂ ਵਾਂਗ ਅਕਥ ਹੈ। ਜੇ ਕੋਈ ਗੁਰਬਾਣੀ ਦੀ ਇੱਕ ਸਿੱਖਿਆ ਸੁਣ ਕੇ ਮੰਨ ਲਵੇ, ਹਿਰਦੇ ਅਤੇ ਚਿੱਤ ਵਿੱਚ ਧਾਰ ਲਵੇ, ਉਹ ਤਾਂ ਰਾਜਾ ਜਨਕ ਵਾਂਗ ਸਾਰੇ ਨਰਕ ਖਾਲੀ ਕਰਵਾ ਸਕਦਾ ਹੈ। ਉਹਦੇ ਮਨ ਵਿੱਚ ਰਤਨ, ਜਵਾਹਰ ਅਤੇ ਮਾਣਕ ਪ੍ਰਗਟ ਹੋ ਜਾਂਦੇ ਹਨ। ਐਸੀ ਬਾਣੀ ਹੈ, ਜੇ ਕੋਈ ਮੰਨ ਕੇ ਵੇਖੇ, ਦੁਬਿਧਾ ਅਤੇ ਭਰਮ ਦੂਰ ਕਰਕੇ ਹਿਰਦੇ ਵਿਚ ਧਾਰੇ ਤਾਂ ਗੁਰਬਾਣੀ ਦੀ ਦੇਣ ਦੀ ਕੁਝ ਸਮਝ ਲੱਗ ਸਕਦੀ ਹੈ। ਇਹ ਕੋਈ ਸਾਹਿਤ ਨਹੀਂ ਹੈ। ਇਹ ਕੋਈ ਕਿਤਾਬੀ ਗਿਆਨ ਨਹੀਂ ਹੈ, ਇਹ ਤਾਂ ਬ੍ਰਹਮ ਵਿਚਾਰ ਹੈ। ਇਸ ਦੀ ਸਾਹਿਤਕ ਕਦਰਾਂ ਕੀਮਤਾਂ ਤੇ ਪਰਖ ਕਰਨਾ ਕੋਈ ਸਿਆਣਪ ਨਹੀਂ ਹੈ। ਇਹ ਅਮੁੱਲ ਹੈ, ਕਲਜੁਗ ਦਾ ਜਹਾਜ਼ ਹੈ, ਸਾਧ ਦੀ ਸੰਗਤ ਹੈ। ਇਹ ਲਿਖਤ ਇੱਕ ਸਿੱਖ ਦਾ ਅੰਧ ਵਿਸ਼ਵਾਸ ਨਹੀਂ ਹੈ, ਨਿਰੀ ਸ਼ਰਧਾ ਨਹੀਂ ਹੈ। ਇਹ ਸੱਚ ਹੈ, ਨਿਰੋਲ ਸੱਚ ਹੈ, ਅਸਲੀਅਤ ਹੈ। ਹਾਂ ਅਸਲੀਅਤ ਦੱਸਣ ਵਿੱਚ ਸਿੱਖ ਗਲਤੀ ਕਰ ਸਕਦਾ ਹੈ।

ਗੁਰਬਾਣੀ ਦੀ ਵਡਿਆਈ, ਕੀਮਤ ਜਾਂ ਦੇਣ, ਗੁਰਬਾਣੀ ਦੀ ਕਮਾਈ ਤੋਂ ਬਾਦ ਹੀ ਉਘੜਦੀ ਹੈ ਪਰੰਤੂ ਹਰ ਇੱਕ ਵਿਅਕਤੀ, ਸਾਧਕ ਜਾਂ ਅਸਾਧਕ, ਸ਼ੁਰੂ ਤੋਂ ਅੰਤ ਜਾਂ ਤੋੜ ਤੱਕ, ਬਾਣੀ ਤੋਂ ਗਹੁ ਨਾਲ ਪੜ੍ਹਣ ਅਤੇ ਵਿਚਾਰਨ ਨਾਲ ਲੋੜੀਂਦੀ ਅਗਵਾਈ ਪ੍ਰਾਪਤ ਕਰ ਸਕਦਾ ਹੈ। ਸਾਧਕ ਜਿਵੇਂ ਜਿਵੇਂ ਉਨਤੀ ਕਰਦਾ ਹੈ ਤਿਵੇਂ ਤਿਵੇਂ ਬਾਣੀ ਦੇ ਛੁਪੇ ਹੋਏ ਭਾਵ ਅਤੇ ਪੱਖ ਸਾਹਮਣੇ ਆਉਂਦੇ ਰਹਿੰਦੇ ਹਨ। ਸੁਆਮੀ ਜਾਂ ਸਾਹਿਬ ਵਾਂਗ ਗੁਰਬਾਣੀ ਨਿੱਤ ਨਵੀਂ ਹੈ। ਦਿਬ ਦ੍ਰਿਸ਼ਟੀ ਪ੍ਰਾਪਤ ਹੋਣ ਤੇ ਸਾਧਕ ਅਸਲੀ ਸਾਧਕ ਬਣਦਾ ਹੈ। ਇਵੇਂ ਵੱਡੇ ਭਾਗ ਕਿਸੇ ਵਿਰਲੇ ਦੇ ਹੀ ਹੁੰਦੇ ਹਨ

ਅਤੇ ਵਿਰਲਾ ਹੀ ਗੁਰਬਾਣੀ ਦੀ ਵਡਿਆਈ ਅਤੇ ਸਤਿਗੁਰੂ ਦੀ ਮਹਿਮਾ ਆਪਣੀ ਬੁੱਧੀ ਅਤੇ ਅਵਸਥਾ ਮੁਤਾਬਿਕ ਪਛਾਣ ਅਤੇ ਕੁਝ ਹੱਦ ਤੱਕ ਵਰਨਣ ਕਰ ਸਕਦਾ ਹੈ। ਕੁਝ ਹੱਦ ਤੱਕ ਕਿਉਂਕਿ ਨਿਰਾਲੀ ਖੇਡ ਗੁੰਗੇ ਦੇ ਮਿਠਿਆਈ ਖਾਣ ਵਾਂਗ ਹੈ ਨਿਰੰਕਾਰ ਵਾਂਗ ਹੀ ਗੁਰਬਾਣੀ ਦੀ ਮਹਿਮਾ ਕਥੀ ਨਹੀਂ ਜਾ ਸਕਦੀ।

੫. ਸਾਧਕ ਦੇ ਪੱਖੋਂ ਗੁਰਬਾਣੀ ਦੀ ਦੇਣ ਬਾਰੇ ਕੁਝ ਨੁਕਤੇ ਹੇਠ ਦਿੱਤੇ ਜਾਂਦੇ ਹਨ –

(ੳ) ਗੁਰਬਾਣੀ ਵਾਹਿਗੁਰੂ ਦੇ ਸਰੂਪ, ਲੱਛਣ ਅਤੇ ਸੁਭਾ ਬਾਰੇ ਦਸਦੀ ਹੈ। ਰਚਨਾ ਅਤੇ ਕੁਦਰਤ ਤੇ ਚਾਨਣਾ ਪਾਉਂਦੀ ਹੈ। ਵਾਹਿਗੁਰੂ ਨੂੰ ਜਾਨਣ ਦੀ ਇੱਛਾ ਪੈਦਾ ਕਰਕੇ ਅਭਿਲਾਖੀ ਜਾਂ ਸਾਧਕ ਬਣਾਉਂਦੀ ਹੈ।

ਅ) ਸਾਧਕ ਵਾਸਤੇ ਸਤਿਗੁਰੂ ਦੀ ਲੋੜ ਪ੍ਰਗਟਾਉਂਦੀ ਹੈ, ਸਬੰਧ ਜੋੜਦੀ ਅਤੇ ਗੂੜ੍ਹਾ ਕਰਦੀ ਹੈ। ਪੂਰਬਲੇ ਕਰਮਾਂ ਅਨੁਸਾਰ ਕਿਰਪਾ ਪਾਤਰ ਬਣਾ ਕੇ, ਕਿਰਪਾ ਦਿਵਾਉਂਦੀ ਹੈ।

ੲ) ਗੁਰਬਾਣੀ ਭਗਤੀ ਬਾਰੇ ਵਿਚਾਰ, ਢੰਗ ਤੇ ਵਿਧੀ ਦਸਦੀ ਹੈ। ਸੰਜਮ ਦੱਸਦੀ ਹੈ।

ਸ) ਭਗਤੀ ਦਾ ਮਾਰਗ ਬਿਖੜਾ ਹੈ, ਔਖਾ ਹੈ, ਖੰਨਿਓਂ ਤਿੱਖਾ ਅਤੇ ਵਾਲੋਂ ਨਿੱਕਾ ਹੈ। ਬਹੁਤ ਲੰਮਾ ਹੈ, ਬਹੁਤ ਬਹੁਤ ਲੰਮਾ ਹੈ। ਕਠਨ ਤਪੱਸਿਆ ਅਤੇ ਕਠਨ ਸੰਜਮ ਮੰਗਦਾ ਹੈ। ਸਾਧਕ ਡੋਲਦਾ ਹੈ, ਖਿਣ ਖਿਣ ਭੁੱਲਦਾ ਹੈ ਪਰੰਤੂ ਗੁਰਬਾਣੀ ਹੌਂਸਲਾ ਦਿੰਦੀ ਹੈ, ਮੁੜ ਰਸਤੇ ਤੇ ਪਾਉਂਦੀ ਹੈ ਅਤੇ ਬਾਂਹ ਫੜਦੀ ਹੈ।

ਹ) ਗੁਰਬਾਣੀ ਪਰਮੇਸ਼ਰ ਦੀ ਸਿਫ਼ਤ ਸਲਾਹ ਹੈ, ਸਤ ਅਤੇ ਸੰਤੋਖ ਦਾ ਵੀਚਾਰ ਹੈ। ਵਡਿਆਈ ਜਾਂ ਸਿਫ਼ਤ ਸਲਾਹ ਨਾਲ ਵੱਡਾ ਪਾਇਆ ਜਾ ਸਕਦਾ ਹੈ।

*ਸਦਾ ਸਿਫਤਿ ਸਲਾਹ ਤੇਰੀ,*
*ਨਾਮੁ ਮਨਿ ਵਸਾਵਏ॥ ਅਨੰਦੁ ਸਾਹਿਬ, ਪਉੜੀ ੩*

ਅਸੀਂ ਅੰਨ੍ਹੇ ਹਾਂ ਅਤੇ ਆਪਣੇ ਆਪ ਕੋਈ ਸਿਫ਼ਤ ਨਹੀਂ ਕਰ ਸਕਦੇ ਕਿਉਂਕਿ ਵੇਖਣ ਅਤੇ ਜਾਨਣ ਤੋਂ ਬਿਨਾਂ ਸਿਫਤ ਨਹੀਂ ਕੀਤੀ ਸਕਦੀ।

ਕ) ਗੁਰਬਾਣੀ ਰਸ ਦਾ ਸੋਮਾ ਹੈ, ਅੰਮ੍ਰਿਤਸਰ ਹੈ। ਇਸੇ ਅੰਮ੍ਰਿਤ ਨੇ ਇੱਛਾਂ ਪੂਰੀਆਂ ਕਰਨੀਆਂ ਹਨ ਅਤੇ ਅੰਤ ਵਿਚ ਮਹਾਂ ਸੰਤੋਖ ਪ੍ਰਦਾਨ ਕਰਨਾ ਹੈ। ਦੁੱਖ ਅਤੇ ਪਾਪ ਕੱਟਣੇ ਹਨ।

ਖ) ਗੁਰਬਾਣੀ ਤੋਂ ਸਭ ਫਲ ਮਿਲਦੇ ਹਨ। ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਦੁੱਖ, ਦਲਿਦਰ, ਕਸ਼ਟ, ਰੋਗ ਕੱਟੇ ਜਾਂਦੇ ਹਨ। ਤਾਣ, ਮਾਣ, ਲੱਛਮੀ ਅਤੇ ਪੁੱਤਰ ਮਿਲਦੇ ਹਨ। ਲਾਜ ਅਤੇ ਪੱਤ ਰਖੀ ਜਾਂਦੀ ਹੈ ਹਰ ਥਾਂ ਅਤੇ ਹਰ ਵੇਲੇ ਸਹਾਈ ਹੁੰਦੀ ਹੈ।

ਗ) ਅਧਿਆਤਮਿਕ ਤਰੱਕੀ ਤਾਂ ਅਡੋਲਤਾ ਅਤੇ ਵਿਸ਼ਵਾਸ ਦੀ ਖੇਡ ਹੈ ਵਾਹਿਗੁਰੂ ਨਾ ਗੁਰਦਵਾਰੇ ਵਿੱਚ, ਨਾ ਮੰਦਰ ਵਿੱਚ, ਨਾ ਗਿਰਜੇ ਵਿੱਚ ਅਤੇ ਨਾ ਹੀ ਮਸਜਿਦ ਵਿੱਚ ਹੈ। ਇਹ ਤਾਂ ਵਿਸ਼ਵਾਸ ਵਿੱਚ ਹੈ।

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥*
*ਅੰਗ – ੨੮੫*

ਸਤਿਸੰਗਤ ਵਿੱਚ ਵਿਸ਼ਵਾਸ ਜਲਦੀ ਮਿਲਦਾ ਹੈ ਅਤੇ ਜਿਹੜੀ ਜਗ੍ਹਾ ਤੇ ਸਤਿਸੰਗਤ ਪ੍ਰਾਪਤ ਹੋਵੇ, ਪਵਿੱਤਰ ਹੈ। ਗੁਰਦੁਆਰਾ, ਮੰਦਰ, ਮਸਜਿਦ, ਗਿਰਜਾ ਸਭ ਪਵਿੱਤਰ ਹਨ ਪਰੰਤੂ ਵਿਸ਼ਵਾਸ ਤੱਤ ਹੈ, ਅਸਲ ਹੈ। ਗੁਰਬਾਣੀ ਅਡੋਲਤਾ ਅਤੇ ਵਿਸ਼ਵਾਸ ਦਾਤੀ ਹੈ। ਇਹ ਅਮੁੱਲ ਗੁਣਾਂ ਦਾ ਭੰਡਾਰ ਹੈ।

ਘ) ਗੁਰਬਾਣੀ ਗਿਆਨ ਦਾ ਭੰਡਾਰ ਹੈ ਮਨ ਗਿਆਨ ਨਾਲ ਹੀ ਥੰਮਿਆ ਜਾਂਦਾ ਹੈ। ਮਨ ਝੁੰਮਿਆ ਗਿਆ ਤਾਂ ਕੰਮ ਬਣ ਗਿਆ, ਸਭ ਕੁੱਝ ਮਿਲ ਗਿਆ। ਗਿਆਨ ਸਮੁੰਦਰ ਬਾਣੀ ਮਨ ਨੂੰ ਮਸਤ ਹੈ। ਗੁਰਬਾਣੀ ਸੁਰਤ ਸ਼ਬਦ ਦਾ ਮੇਲ ਹੈ। ਗੁਰਬਾਣੀ ਨਾਲ ਮਨ, ਬੁਧ ਅਤੇ ਸੂਰਤ ਦੀ ਘਾੜਤ ਘੜੀ ਜਾਂਦੀ ਹੈ ਅਤੇ ਪੂਰੀ ਸਿੱਧੀ ਦੀ ਪ੍ਰਾਪਤੀ ਹੁੰਦੀ ਹੈ। ਆਖਰ ਵਿੱਚ ਜੋਧ ਮਹਾਂਬਲੀ ਸੂਰਾ ਬਣਾ ਕੇ ਕਰਮ ਖੰਡ ਦੇ ਵਾਸੀ ਦੀ ਬਖਸ਼ਸ਼ ਦਿਵਾਉਂਦੀ ਹੈ।

ਚ) ਗੁਰਬਾਣੀ ਦਾ ਬੋਲਣਾ, ਉਚਾਰਨਾ, ਸੁਨਣਾ, ਗਾਉਣਾ, ਵਿਚਾਰਨਾ ਅਤੇ ਕਮਾਉਣਾ ਸਭ ਫਲ ਪ੍ਰਦਾਨ ਕਰਦਾ ਹੈ। ਸੁਨਣਾ –

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।*
*ਅਨੰਦ ਸਾਹਿਬ ਪਉੜੀ ੪੦, ਪੰਨਾ ੯੨੨*

ਜਪਣਾ –

*ਅੰਮ੍ਰਿਤ ਬਚਨ ਸਾਧ ਕੀ ਬਾਣੀ॥*
*ਜੋ ਜੋ ਜਪੈ ਤਿਸ ਕੀ ਗਤਿ ਹੋਵੈ*
*ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥*
*ਅੰਗ – ੭੪੪*

ਗਾਉਣਾ ਅਤੇ ਕਮਾਉਣਾ –

*ਭਗਤਿ ਭੰਡਾਰ ਗੁਰਬਾਣੀ ਲਾਲ॥*
*ਗਾਵਤ ਸੁਨਤ ਕਮਾਵਤ ਨਿਹਾਲ॥ ਅੰਗ – ੩੭੬*

ਵੀਚਾਰਨਾ –

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥*
*ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ॥*
*ਅੰਗ - ੬੩੫*

ਛ) ਸਾਧਕ ਵਾਸਤੇ ਗੁਰਬਾਣੀ ਸੰਤ ਹੈ, ਸਾਧ ਹੈ, ਸਤਿ ਸੰਗਤਿ ਹੈ। ਇਹ ਸਤਿਗੁਰੂ ਹੈ।

ਜ) ਸਾਧਕ ਵਾਸਤੇ ਗੁਰਬਾਣੀ ਸਦਾਚਾਰ ਸ਼ਾਸਤਰ ਹੈ, ਨੀਤੀ ਸ਼ਾਸਤਰ ਹੈ। ਵਿਅਕਤੀਗਤ ਅਤੇ ਸਮਾਜਿਕ ਵਿਵਹਾਰ ਵਾਸਤੇ ਪੂਰਨ ਉਪਦੇਸ਼ ਹੈ।

ਝ) ਗੁਰਬਾਣੀ ਜ਼ਿੰਦਗੀ ਦੇ ਮੁਢਲੇ ਸਵਾਲਾਂ ਦਾ ਉੱਤਰ ਹੈ। ਸਾਧਕ ਦੀ ਜਿਗਿਆਸਾ ਜਾਂ ਉਤਸੁਕਤਾ ਨੂੰ ਤਸੱਲੀ ਦਿੰਦੀ ਹੈ। ਮੈਂ ਕਿਉਂ ਆਇਆ ਹਾਂ। ਕਿੱਥੇ ਜਾਣਾ ਹੈ। ਰਚਨਾ ਕਿਉਂ ਹੋਈ ਤੇ ਕਿੱਦਾਂ ਹੋਈ ਇਤਿਆਦਿ ਇਹ ਜ਼ਿੰਦਗੀ ਦੇ ਮੁਢਲੇ ਸਵਾਲ ਹਨ।

ਞ) ਗੁਰਬਾਣੀ ਸਾਧਕ ਨੂੰ ਉਚਿਤ ਮੰਗਾਂ ਦਾ ਉਪਦੇਸ਼ ਦਿੰਦੀ ਹੈ। ਨਹੀਂ ਤਾਂ, ਸਾਧਕ, ਦੁਨਿਆਵੀ ਝੰਬੇਲਿਆਂ, ਝਗੜਿਆਂ ਅਤੇ ਮੰਗਾਂ ਵਿੱਚ ਗਲਤਾਨ ਰਹੇਗਾ ਅਤੇ ਆਪਣੀ ਭਗਤੀ ਜਾਇਆ ਕਰੇਗਾ ਜਾਂ ਭਗਤੀ ਕਰੇਗਾ ਨਹੀਂ।

ਟ) ਗੁਰਬਾਣੀ ਸ਼ਰਨ ਵਿੱਚ ਆਉਣ ਦਾ ਢੰਗ ਦੱਸਦੀ ਹੈ ਅਤੇ ਸ਼ਰਨ ਦੀ ਅਵਸਥਾ ਵਿੱਚ ਲਿਆਉਂਦੀ ਹੈ।

ਠ) ਸਾਧਕ ਦੇ ਮਨੋਭਾਵਾਂ, ਤਰੰਗਾਂ, ਤਕਲੀਫ਼ਾਂ ਅਤੇ ਨਜ਼ਾਰਿਆਂ ਨੂੰ ਪ੍ਰਗਟਾਉਂਦੀ ਹੈ ਅਤੇ ਮਾਰਗ ਤੇ ਰੱਖਦੀ ਹੈ।

ਡ) ਗੁਰਬਾਣੀ ਅਧਿਆਤਮਿਕ ਅਵਸਥਾਵਾਂ ਅਤੇ ਨਜ਼ਾਰਿਆਂ ਦਾ ਗਿਆਨ ਦਿੰਦੀ ਹੈ। ਉਦਾਹਰਣ ਦੇ ਤੌਰ ਤੇ, ਚਾਰ ਲਾਵਾਂ ਚਾਰ ਪੜਾਅ ਹਨ। ਜਪੁਜੀ ਸਾਹਿਬ ਵਿੱਚ ਖੰਡਾਂ ਦਾ ਜ਼ਿਕਰ ਉਚੀਆਂ ਸਟੇਜਾਂ ਤੇ ਮਾਰਗ ਦਰਸਾਉਂਦਾ ਹੈ।

ਢ) ਸਾਧਕ ਵਾਸਤੇ ਗੁਰਬਾਣੀ ਇੱਕ ਮਾਪ ਤੋਲ ਹੈ ਜਿਸ ਨਾਲ ਉਹ ਆਪਣੀ ਉਨਤੀ ਪਰਖ ਸਕਦਾ ਹੈ, ਤੋਲ ਸਕਦਾ ਹੈ, ਆਪਣੀਆਂ ਕਮੀਆਂ ਦੀ ਪਛਾਣ ਕਰ ਸਕਦਾ ਹੈ। ਕਮੀਆਂ ਦਾ ਜਾਨਣਾ ਹੋਰ ਹਿੰਮਤ ਅਤੇ ਮਿਹਨਤ ਲਈ ਤਿਆਰ ਕਰਦਾ ਹੈ। ਸਾਧਕ ਵਾਸਤੇ ਗੁਰਬਾਣੀ ਸਰਬ ਪੱਖੀ, ਸਰਬਮੁੱਖੀ ਰਹਿਬਰ ਹੈ, ਗੂੜ੍ਹਾ ਅਤੇ ਅਤੀ ਸਿਆਣਾ ਮਿੱਤਰ ਹੈ, ਗੰਭੀਰ ਅਤੇ ਦਾਨਾ ਦਰਸ਼ਨ ਵੇੱਤਾ ਹੈ।

੬. ਉਪਰੋਕਤ ਲਿਖਤ ਵਿੱਚ ਇਹਨਾਂ ਗੁਣਾਂ ਨੂੰ ਦੱਸਣ ਦੇ ਯਤਨ ਵਿੱਚ ਸਿਰ ਤੇ ਭਾਰ ਹੀ ਹੋਇਆ ਹੈ ਕਿਉਂਕਿ ਤੁਛ ਬੁੱਧੀ ਦੀ ਕੈਦੀ ਇੱਕ ਕਲਮ ਕੀ ਗੁਣ ਲਿਖ ਸਕਦੀ ਹੈ। ਮੁਕਦੀ ਗੱਲ ਹੈ -

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ॥ ਅੰਗ - ੫੧੫*

ਮੈਂ ਹੋਰ ਧਰਮਾਂ ਦੇ ਮਹਾਨ ਗ੍ਰੰਥਾਂ ਦਾ ਵੀ ਅਧਿਐਨ ਕੀਤਾ ਹੈ ਪਰ ਮਨ ਚਿਤ ਨੂੰ ਟੁੰਬਣ ਵਾਲੀ ਸ਼ਕਤੀ ਜੋ ਇਥੇ (ਗੁਰੂ ਗ੍ਰੰਥ ਸਾਹਿਬ ਵਿੱਚ) ਅਨੁਭਵ ਹੋਈ ਹੈ ਉਹ ਹੋਰ ਕਿਸੇ ਧਾਰਮਕ ਗ੍ਰੰਥ ਵਿੱਚ ਨਹੀਂ ਮਿਲ ਸਕੀ।

*(ਮਿਸ ਪਰਲ ਬੱਕ ਨੋਬੇਲ ਇਨਾਮ ਜੇਤੂ)*

---

# ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ

*(ਭਾਈ ਨਿਰਮਲ ਸਿੰਘ ਜੀ)*

ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ
ਨਿਰਮਲ ਸਿੰਘ ਥਲੀ ਖੁਰਦ, ਰੋਪੜ
ਭਿੰਨੀ ਭਿੰਨੀ ਰੈਣ ਪਏ ਚਮਕਣ ਤਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਧੰਨ ਇਹ ਵੇਲਾ ਐਸੀ ਮਿਲਣੀ ਇਕਾਂਤ ਨਾ।
ਨਾਮ ਤੋਂ ਬਗੈਰ ਵੇ ਤੂੰ ਹੋਣਾ ਮਨਾਂ ਸ਼ਾਂਤ ਨਾ।
ਨੀਂਦ ਨੂੰ ਤਿਆਗ ਲੈ ਲਾ ਨਾਮ ਦੇ ਹੁਲਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਜਿਹੜੇ ਗੁਰੂ ਪਿਆਰੇ ਅੰਮ੍ਰਿਤ ਵੇਲੇ ਨੂੰ ਸੰਭਾਲਦੇ।
ਦਿਨ-ਰਾਤ ਨਾਮ ਦੀਆਂ ਘਾਲਣਾਂ ਨੇ ਘਾਲਦੇ।
ਉਹਨਾਂ ਤਾਂਈਂ ਗੁਰੂ ਸਾਹਿਬ ਦਿੰਦੇ ਨੇ ਦਿਦਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਜਪ ਜਪ ਨਾਮ ਐਸੀ ਰੂਹ ਨਸ਼ਿਆਉਂਦੀ ਏ।
ਅਗੰਮ ਦੇ ਸਮੁੰਦਰੀਂ ਇਹ ਟੁੱਭੀ ਜਦ ਲਾਉਂਦੀ ਏ।
ਗੁਰੂ ਗੋਦ ਵਾਲੇ ਤੂੰ ਵੀ ਮਾਣ ਲੈ ਨਜ਼ਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।
ਮਿਲਣਾ ਨੀ ਮੌਕਾ ਤੈਨੂੰ ਫੇਰ ਦੂਜੀ ਵਾਰ ਵੇ।
ਮਾਇਆ ਵਿੱਚ ਭੁੱਲਕੇ ਨਾ ਵਕਤ ਗੁਜ਼ਾਰ ਵੇ।
ਇੱਥੇ ਰਹਿ ਜਾਣੇ ਤੇਰੇ ਕੰਮ-ਕਾਰ ਸਾਰੇ।
ਉੱਠ ਜਾਗ ਗੁਰੂ ਗੁਰੂ ਕਰ ਮਨ ਪਿਆਰੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਦੋਂ ਲਿਖੀ ਗਈ?

*[(ਗੁਰਪੁਰਵਾਸੀ) ਪ੍ਰੋ. ਸਾਹਿਬ ਸਿੰਘ ਜੀ]*

ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਦੇ ਕਰਤਾ ਕਵੀ ਸੰਤੋਖ ਸਿੰਘ ਜੀ 'ਆਦਿ ਬੀੜ' ਦੇ ਲਿਖੇ ਜਾਣ ਦੀ ਥਿੱਤ ਬਾਰੇ ਲਿਖਦੇ ਹਨ -

*ਦੋਹਰਾ : ਭਯੋ ਗ੍ਰੰਥ ਸਾਹਿਬ ਰੁਚਿਰ, ਭੋਗ ਪਾਇਬੇ ਹੇਤ।*
*ਅਨਿਕ ਭਾਂਤ ਉਤਸ਼ਾਹ ਕੀ, ਤਯਾਰੀ ਕਰੀ ਸੁਚੇਤ॥੧॥*
*ਤੋਟਕ ਛੰਦ : ਬਹੁ ਕੀਨ ਤਿਹਾਵਲ ਮੇਲ ਭਯੋ।*
*ਸਭ ਸੰਗਤਿ ਸ਼ੋਨ ਸੁਨਾਇ ਦਯੋ।*
*ਅਬ ਗ੍ਰੰਥ ਸੰਪੂਰਨ ਹੋਇ ਗਯੋ।*
*ਦਰਸੋਂ ਸਭ ਆਨਿ ਉਛਾਹ ਕਯੋ।੨।*
*ਨਰ ਨਾਰਿ ਅਨੰਦ ਬਿਲੰਦ ਕਰੇ।*
*ਸਰ ਰਾਮ ਜਹਾਂ ਤਹ ਆਨਿ ਥਿਰੇ।*
*ਲਘੁ ਦੁੰਦਭਿ ਬਾਜਿ ਨਵੀਰਨ ਸੋ।*
*ਬਡ ਹੋਤ ਕੁਲਾਹਲ ਭੀਰਨ ਸੋ।੩।*
*ਉਤਸਾਹਤ ਸੰਗਤਿ ਆਵਤ ਹੈ।*
*ਬਹੁ ਭਾਂਤਿ ਪ੍ਰਸਾਦ ਯਾਵਤ ਹੈ।*
*ਫਲ ਫੂਲਨ ਕੋ ਨਿਜ ਹਾਥ ਧਰੇ।*
*ਸ਼ੁਭ ਚੀਰ ਸਰੀਰ ਸਭੇ ਪਹਰ।੪।*
*ਸਭ ਸੰਗਤਿ ਨੇ ਦਰਸ਼ਨ ਕਰਜੋ।*
*ਪਗ ਪੰਕਜ ਪੈ ਨਿਜ ਸੀਸ ਧਰਜੋ।*
*ਪੁਨਿ ਜਾਤ ਭਏ ਨਿਜ ਧਾਮਨ ਕੋ।*
*ਹਰਖੰਤ ਲਗੇ ਨਿਜ ਕਾਮਨ ਕੋ॥੨੨॥...*
*ਉਠ ਸ੍ਰੀ ਗੁਰ ਆਵਤ ਭੇ ਪੁਰਿ ਕੋ।*
*ਗੁਰਦਾਸ ਸਮੇਤ ਸੁਧੀ ਉਚ ਕੋ।*
*ਲਿਯ ਸੰਗ ਸੁ ਗ੍ਰੰਥਹਿ ਆਪਨ ਹੈ।*
*ਹਰਿ ਮੰਦਰ ਮੈ ਬਰ ਥਾਪਨ ਹੈ।*
*ਹੁਇ ਪੂਜ ਸਦਾ ਇਸ ਥਾਨ ਬਿਖੈ।*
*ਬਹੁਰੋ ਸਮੁਦਾਇ ਪਨੈ ਸੁ ਲਿਖੈ।੨੭।*

ਕਵੀ ਜੀ ਲਿਖਦੇ ਹਨ ਕਿ ਗੁਰੂ ਅਰਜਨ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਬੀੜ ਦਾ ਪ੍ਰਕਾਸ਼ ਕਰਾ ਦਿੱਤਾ। ਅੰਮ੍ਰਿਤ ਵੇਲੇ ਉੱਠ ਕੇ ਹਜ਼ੂਰ ਨਿਵਾਸ-ਅਸਥਾਨ ਤੋਂ ਆਉਂਦੇ ਸਨ, ਸਾਰਾ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਚ ਹੀ ਰਹਿੰਦੇ ਸਨ ਤੇ ਭਾਈ ਗੁਰਦਾਸ ਜੀ ਤੋਂ ਬਾਣੀ ਦਾ ਪਾਠ ਸੁਣਦੇ ਸਨ। ਹੋਰ ਭੀ ਸਿੱਖ ਪ੍ਰੇਮ ਨਾਲ ਆ ਕੇ ਦਰਸ਼ਨ ਕਰਦੇ ਸਨ। ਥਾਂ-ਥਾਂ ਇਹ ਖ਼ਬਰ ਪਸਰ ਗਈ ਕਿ ਸਾਰੀ ਬਾਣੀ ਦੀ ਬੀੜ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਾ ਕੇ ਉਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਹੈ। ਦੂਰੋਂ-ਦੂਰੋਂ ਸਿੱਖ ਦਰਸ਼ਨਾਂ ਨੂੰ ਆਉਣ ਲੱਗ ਪਏ।

ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖੇ ਜਾਣ ਦੀ ਸੰਪੂਰਨਤਾ ਦੀ ਥਿੱਤ ਕਵੀ ਸੰਤੋਖ ਸਿੰਘ ਜੀ ਇਉਂ ਦੱਸਦੇ ਹਨ -

*ਸ੍ਵਯਾ : ਸੰਮਤ ਸੋਲਹਿ ਸੈ ਇਕ ਸਾਠਹਿ,*
*ਭਾਦਵ ਕੀ ਸੁਦੀ ਏਕਮ ਜਾਨੋ।*
*ਗ੍ਰੰਥ ਸਮਾਪਤ ਸ੍ਰੀ ਗੁਰ ਕੀਨ,*
*ਮਹਾਂ ਉਤਸ਼ਾਹ ਗੁਰੂ-ਘਰ ਠਾਨੋ।*
*ਸੰਗਤਿ ਦੇਸ ਬਿਦੇਸਨ ਕੀ,*
*ਸੁਨਿ ਕੈ ਮਨਿ ਆਨੰਦ ਦੀਰਘ ਮਾਨੋ।*
*ਦੇਖਨ ਆਵਤ ਭਾਉ ਬਧਾਵਤ,*
*ਕੋ ਲਿਖਵਾਵਨ ਕੋ ਹਿਤ ਵਾਨੋ॥੩।੫੦।*

**'ਗੁਰਬਿਲਾਸ' ਅਨੁਸਾਰ**

ਪੁਸਤਕ ਗੁਰਬਿਲਾਸ ਦੇ ਕਰਤਾ ਜੀ ਇਸ ਥਿੱਤ ਬਾਰੇ ਇਉਂ ਲਿਖਦੇ ਹਨ -

*ਗੁਰਦਾਸ ਬੀੜ ਪਰ ਦਸਖਤ ਕਰੇ।*
*ਸੰਮਤ ਲਿਖਯੋ ਸੁਖ ਭਰੇ।*
*ਸੰਮਤ ਸੋਲਾਂ ਸੈ ਸੁਖ-ਕਾਰੀ।*
*ਇਕ ਸਨ ਤਾਂ ਕੇ ਊਪਰ ਧਾਰੀ।*
*ਭਾਦਰੋਂ ਸੁਦਿ ਏਕਮ ਸੁਖਦਾਈ।*
*ਸ੍ਰੀ ਗ੍ਰੰਥ ਭਯੋ ਪੂਰ ਸੁਹਾਈ।*
*ਤਤਕਰੇ ਮੈਂ ਸੰਮਤ ਲਿਖ ਧਾਰਾ।*
*ਦਯਾਸਿੰਧ ਕੀਆ ਪਰਉਪਕਾਰਾ।*

ਉੱਪਰ ਦੱਸੇ ਦੋਹਾਂ ਲਿਖਾਰੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਸਮਾਪਤੀ ਦੀ ਤਰੀਕ ਭਾਦਰੋਂ ਸੁਦੀ ੧ ਸੰਮਤ ੧੬੬੧ ਲਿਖੀ ਹੈ। ਤਵਾਰੀਖ਼ ਗੁਰੂ ਖ਼ਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਸੰਮਤ ੧੬੬੧ ਹੀ ਦਿੱਤੀ ਹੈ, ਪਰ ਮਹੀਨਾ ਸਾਵਣ ਲਿਖਿਆ ਹੈ, ਖ਼ਾਸ ਥਿੱਤ ਤਰੀਕ ਕੋਈ

ਨਹੀਂ ਦੱਸੀ। ਗੁਰੂ ਅਰਜਨ ਸਾਹਿਬ ਦੇ ਜੀਵਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਕੰਮ ਇਤਨਾ ਜ਼ਰੂਰੀ ਤੇ ਉੱਘਾ ਹੈ ਕਿ ਇਸ ਦੀ ਖ਼ਾਸ ਥਿੱਤ ਤਰੀਕ ਇਤਿਹਾਸ ਵਿਚ ਚੇਤੇ ਰਹਿਣੀ ਜ਼ਰੂਰੀ ਸੀ। ਗਿਆਨੀ ਗਿਆਨ ਸਿੰਘ ਜੀ ਨੇ ਇਸ ਪਾਸੇ ਵੱਲੋਂ ਕੁਝ ਬੇਪਰਵਾਹੀ ਜਿਹੀ ਕੀਤੀ ਜਾਪਦੀ ਹੈ। ਸੋ, ਭਾਦਰੋਂ ਸੁਦੀ ੧ ਹੀ ਮੰਨਣ-ਜੋਗ ਹੈ। ਭਾਈ ਗੁਰਦਾਸ ਜੀ ਅਨੁਸਾਰ ਜਿਹੜੀ 'ਆਦਿ ਬੀੜ' ਭਾਈ ਗੁਰਦਾਸ ਜੀ ਨੇ ਲਿਖੀ ਸੀ ਉਹ ਇਸ ਵੇਲੇ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਚ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਬਾਬਾ ਧੀਰਮਲ ਜੀ ਦੀ ਸੰਤਾਨ ਦੇ ਕਬਜ਼ੇ ਵਿਚ ਚਲੀ ਆ ਰਹੀ ਹੈ। ਉਸ ਬੀੜ ਦੇ ਸ਼ੁਰੂ ਵਿਚ ਜਿੱਥੇ ਤਤਕਰੇ ਦਾ ਅਰੰਭ ਹੁੰਦਾ ਹੈ, ਬਾਣੀ ਦੇ ਲਿਖੇ ਜਾਣ ਦੀ ਥਿੱਤ ਇਉਂ ਦਿੱਤੀ ਹੈ –

ਸੂਚੀ ਪਤ੍ਰ ਪੋਥੀ ਕਾ, ਤਤਕਰਾ ਰਾਗਾਂ ਕਾ, ਸੰਮਤ ੧੬੬੧ ਮਿਤੀ ਭਾਦੇਉ ਵਦੀ ਏਕਮ ੧ ਪੋਥੀ ਲਿਖਿ ਪਹੁੰਚੇ।

ਇਸ ਦਾ ਭਾਵ ਇਹ ਹੈ ਕਿ ਭਾਈ ਗੁਰਦਾਸ ਜੀ ਸਾਰੀ ਬਾਣੀ ਲਿਖ ਕੇ ਜਦੋਂ ਤਤਕਰਾ ਸ਼ੁਰੂ ਕਰਨ ਲੱਗੇ ਤਾਂ ਭਾਦਉ ਵਦੀ ੧ ਥਿਤ ਸੀ।

ਓਪਰੀ ਨਜ਼ਰੇ ਇਉਂ ਜਾਪਦਾ ਹੈ ਕਿ ਸੂਰਜ ਪ੍ਰਕਾਸ਼ ਤੇ ਗੁਰਬਿਲਾਸ ਦੀ ਦੱਸੀ ਹੋਈ ਥਿੱਤ ਅਤੇ ਕਰਤਾਰਪੁਰ ਵਾਲੀ 'ਆਦਿ ਬੀੜ' ਦੇ ਤਤਕਰੇ ਦੇ ਅਰੰਭ ਵਿਚ ਲਿਖੀ ਥਿਤ ਵਿਚ ਦੋ ਕੁ ਹਫ਼ਤਿਆਂ ਦਾ ਫ਼ਰਕ ਹੈ। ਇਹ ਦਿੱਸਦਾ-ਫ਼ਰਕ ਸਮਝਣ ਲਈ ਰਤਾ ਕੁ ਵਿਚਾਰ ਕਰਨੀ ਪਏਗੀ। ਮੂਲ-ਬਾਣੀ ਤਾਂ ਭਾਦਰੋਂ ਵਦੀ ੧ ਤਕ ਲਿਖੀ ਗਈ। ਅਗਾਂਹ ਹੁਣ ਤਤਕਰਾ ਲਿਖਣਾ ਸੀ। ਬਾਣੀ ਦੇ ਸਮਾਪਤ ਹੋਣ 'ਤੇ ਹੀ ਤਤਕਰਾ ਲਿਖਿਆ ਜਾ ਸਕਦਾ ਹੈ। ਤਤਕਰੇ ਵਿਚ ਸਫ਼ੇ-ਵਾਰ ਹਰੇਕ ਸ਼ਬਦ ਦੀ ਪਹਿਲੀ ਤੁਕ ਦਾ ਕੁਝ ਹਿੱਸਾ ਦਿੱਤਾ ਗਿਆ ਹੈ। ਪਹਿਲਾਂ ਇਹ ਚੀਜ਼ ਮੂਲ-ਬਾਣੀ ਵਿਚੋਂ ਵੇਖਣੀ ਸੀ, ਫਿਰ ਇਸ ਨੂੰ ਤਤਕਰੇ ਵਿਚ ਲਿਖਣਾ ਸੀ। ਸੋ, ਇਹ ਕਾਫ਼ੀ ਲੰਮਾ ਤੇ ਮਿਹਨਤ ਦਾ ਕੰਮ ਸੀ। ਤਤਕਰੇ ਦੇ ੫੪ ਕੁ ਸਫ਼ੇ ਹਨ। ਮਸਾਂ ਚਾਰ ਪੰਜ ਸਫ਼ੇ ਹੀ ਇਕ ਦਿਨ ਵਿਚ ਲਿਖੇ ਜਾ ਸਕਦੇ ਸਨ। ਸਾਰੇ ਦੀ ਲਿਖਾਈ ਉਤੇ ਦਸ ਯਾਰ੍ਹਾਂ ਦਿਨ ਜ਼ਰੂਰ ਲੱਗ ਗਏ ਹੋਣਗੇ।

ਮਲੂਮ ਹੁੰਦਾ ਹੈ ਕਿ ਸੂਰਜ ਪ੍ਰਕਾਸ਼ ਅਤੇ ਗੁਰਬਿਲਾਸ ਦੇ ਲਿਖਾਰੀ ਭਾਦਰੋਂ ਵਦੀ ੧ ਦੀ ਥਾਂ ਭਾਦਰੋਂ ਸੁਦੀ ੧ ਉਹ ਥਿੱਤ ਦੱਸ ਰਹੇ ਹਨ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬੀੜ ਤਤਕਰੇ ਸਮੇਤ ਤਿਆਰ ਹੋ ਗਈ ਅਤੇ ਇਸ ਯੋਗ ਹੋ ਗਈ ਕਿ ਸਤਿਗੁਰੂ ਜੀ ਨੇ ਉਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕਰਾ ਦਿੱਤਾ। ਪਹਿਲੇ ਪ੍ਰਕਾਸ਼ ਦੀ ਥਿਤ ਭਾਦਰੋ ਸੁਦੀ ੧ ਹੈ, ਕਿਉਂਕਿ ਇਹ 'ਪ੍ਰਕਾਸ਼ ਦਿਨ' ਸ੍ਰੀ ਹਰਿਮੰਦਰ ਸਾਹਿਬ ਵਿਚ ਅੱਜ ਤਕ ਬੜੇ ਉਤਸ਼ਾਹ ਨਾਲ ਹਰ ਸਾਲ ਮਨਾਇਆ ਜਾ ਰਿਹਾ ਹੈ। ਸੋ, ਦੋਹਾਂ ਵੱਖ-ਦਿੱਸਦੀਆਂ ਥਿੱਤਾਂ ਦਾ ਅਸਲ ਨਿਰਣਾ ਇਹ ਹੈ ਕਿ ਭਾਈ ਗੁਰਦਾਸ ਜੀ ਨੇ 'ਆਦਿ-ਬੀੜ' ਦੀ ਸਾਰੀ ਮੂਲ-ਬਾਣੀ ਭਾਦਰੋਂ ਵਦੀ ੧ ਤਕ ਸਮਾਪਤ ਕਰ ਲਈ। ਫਿਰ ਉਹਨਾਂ ਤਤਕਰਾ ਲਿਖਣਾ ਸ਼ੁਰੂ ਕੀਤਾ। ਭਾਦਰੋਂ ਸੁਦੀ ੧ ਉਹ ਦਿਹਾੜਾ ਹੈ ਜਦੋਂ ਤਤਕਰੇ ਸਮੇਤ ਸਾਰੀ ਬੀੜ ਇਸ ਯੋਗ ਹੋ ਗਈ ਕਿ ਉਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਹੋਇਆ।


**ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਣੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ – ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ**

**ਆਖੰਡ ਕੀਰਤਨੀ ਜੱਥਾ, ਲੁਧਿਆਣਾ – 98156-11924**

# ਗੁਰੂ ਗ੍ਰੰਥ ਅਤੇ ਪੰਥ

*[ਗਿ. ਗੁਰਦਿੱਤ ਸਿੰਘ ਜੀ, ਚੰਡੀਗੜ੍ਹ]*

ਸਿੱਖ ਧਰਮ ਦੇ ਸਿਰਜਣਹਾਰਿਆਂ ਨੇ ਇਸ ਧਰਮ-ਪੰਥ ਦੇ ਸਿੰਘ ਦੁਆਰ ਦੀ ਉਸਾਰੀ ਦੋ ਥੰਮਾਂ ਉੱਤੇ ਕੀਤੀ ਸੀ, ਜਿਨ੍ਹਾਂ ਦੇ ਪਹਿਲੇ ਰੂਪ ਸ਼ਬਦ ਅਤੇ ਸੰਗਤ ਸਨ। ਵਿਗਸਦਾ ਸ਼ਬਦ ਸਰੂਪ ਪੋਥੀ ਦੇ ਸਰੂਪ ਦਾ ਧਾਰਨੀ ਹੋਇਆ, ਜੋ ਗੁਰੂ ਨਾਨਕ ਜੀ ਤੋਂ ਅੱਗੇ - 'ਪੋਥੀ ਜ਼ਬਾਨ ਗੁਰੂ ਅੰਗਦ ਜੋਗ ਮਿਲੀ' (ਪੁਰਾਤਨ ਜਨਮ ਸਾਖੀ) ਦੀ ਪਰੰਪਰਾ ਅਨੁਸਾਰ ਤੀਜੇ ਗੁਰੂ ਜੀ ਸਮੇਂ ਗੋਇੰਦਵਾਲ ਵਾਲੀਆਂ ਅਤੇ ਹੋਰ ਪੋਥੀਆਂ, ਪੰਜਵੇਂ ਗੁਰੂ ਅਰਜਨ ਜੀ ਦੀ ਸੰਪਾਦਨਾ ਦੀ ਅਦੁੱਤੀ ਘਾਲ ਨਾਲ ਆਦਿ-ਬੀੜ ਦੇ ਰੂਪ ਵਿਚ ਸੰਚਿਤ ਹੋਈ। ਇਸ ਸ਼ਬਦ ਸਰੂਪ ਦਾ ਸਤਿਕਾਰ ਗੁਰੂ ਘਰ ਵਿਚ ਪਰਮੇਸ਼ਵਰ ਸਾਰਖਾ ਮੰਨਿਆ ਗਿਆ -

***ਪੋਥੀ ਪਰਮੇਸਰ ਕਾ ਥਾਨੁ॥ ਅੰਗ - ੧੨੨੬***

ਇਹੋ ਪੋਥੀ ਫਿਰ ਦਮਦਮੇ ਸਾਹਿਬ ਪੂਰਨ ਪ੍ਰਮਾਣੀਕ ਰੂਪ ਦੀ ਧਾਰਨੀ ਹੋਈ ਅਤੇ ਏਸ ਪ੍ਰਮਾਣੀਕ ਸ਼ਬਦ ਸਰੂਪ ਨੂੰ, ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ (ਕੱਤਕ ਸੁਦੀ ਪੰਚਮੀ, ਸੰਮਤ ੧੭੬੫) ਗੁਰਿਆਈ ਦੀ ਪਦ-ਪਦਵੀ ਉੱਤੇ ਆਪ ਅਰੂੜ ਕੀਤਾ, ਜਿਸ ਬਾਰੇ ਹਜ਼ੂਰੀ ਸਿਖ ਭਾਈ ਪ੍ਰਹਿਲਾਦ ਸਿੰਘ ਜੀ ਨੇ ਆਪਣੇ 'ਰਹਿਤਨਾਮੇ' ਵਿਚ ਇਹ ਵਾਕ ਲਿਖੇ -

***ਅਕਾਲ ਪੁਰਖ ਕੋ ਬਚਨ ਸਿਉਂ***
***ਪ੍ਰਗਟ ਚਲਾਇਉ ਪੰਥ।***
***ਸਭ ਸਿਖਨ ਕੋ ਹੁਕਮ ਇਹ***
***ਗੁਰੂ ਮਾਨਿਓ ਗ੍ਰੰਥ।***

ਦੂਜੇ ਹਜ਼ੂਰੀ ਸਿਖ, ਭਾਈ ਨੰਦ ਲਾਲ ਜੀ ਦਾ ਬਚਨ ਹੈ -

***ਜੋ ਸਿਖ ਗੁਰ ਦਰਸ਼ਨ ਕੀ ਚਾਹ।***
***ਦਰਸ਼ਨ ਕਰ ਗ੍ਰੰਥ ਜੀ ਆਹ।***
***ਜੋ ਮੁਝ ਸਾਥ ਚਾਹੇ ਕਰ ਬਾਤ।***
***ਗ੍ਰੰਥ ਜੀ ਪੜਹਿ ਬਿਚਾਰਹਿ ਸਾਥ।***
***ਮੇਰਾ ਰੂਪ ਗ੍ਰੰਥ ਜੀ ਜਾਨ।***
***ਇਹ ਮਹੁ ਭੇਦ ਨ ਰੰਚ ਪਛਾਨ। ਅੰਗ - ੪੨੪***

***ਗ੍ਰੰਥ ਸਾਹਿਬ ਜੀ ਗੁਰੂ ਕਰ ਜਾਨੇ।***
***ਆਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਮੰਨੋ।***
***(ਅੰਕ ੪੫੬, ਤਨਖ਼ਾਹਨਾਮਾ ਭਾਈ ਨੰਦ ਲਾਲ)***

ਗੋਬਿੰਦ ਗੀਤਾ ਜਿਸ ਦੀ ਰਚਨਾ ਸੰਮਤ ੧੭੫੫ ਵਿਚ ਅਨੰਦਪੁਰ ਵਿਚ ਹੋਈ ਸੀ, ਜਿਸਦੀ ਪ੍ਰਾਚੀਨ ਲਿਖਤੀ ਪੜ੍ਹੀ-ਸਾਡੇ ਪਾਸ ਹੈ, ਉਸ ਵਿਚ ਲਿਖਿਆ ਹੈ -

***'ਹੇ ਖ਼ਾਲਸਾ ਜੀ,***
***ਇਸੀ ਤਰ੍ਹਾਂ ਹਮਾਰਾ ਭੀ ਗਯਾਰਵਾਂ***
***ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਨੋ।'***

ਹਜ਼ੂਰੀ ਸਿੱਖਾਂ ਦੇ ਰਹਿਤਨਾਮਿਆਂ ਤੋਂ ਉਤਰ ਕੇ ਸਾਡੇ ਦੋ ਪ੍ਰਾਚੀਨ ਇਤਿਹਾਸਕ ਗ੍ਰੰਥਾਂ ਵਿਚ ਸੌ ਸਾਖੀ ਦਾ ਪ੍ਰਸਿੱਧ ਸਥਾਨ ਹੈ। ਇਸ ਪੋਥੀ ਵਿਚ ਗੁਰੂ ਗ੍ਰੰਥ ਜੀ ਦੀ ਗੁਰਿਆਈ ਬਾਰੇ ਇੰਵ ਲਿਖਿਆ ਪ੍ਰਾਪਤ ਹੈ -

***ਸਤਿਗੁਰ ਬੋਲ ਸੁਣਾਇਓ ਸੁਣੋ ਬਿਸੰਭਰ ਰੀਤ।***
***ਵਸ ਵਿਸਵਾਸੀ ਹੋਵਨਾ ਗੁਰਪਦ ਰਾਖਹੁ ਚੀਤ।***
***ਦਸ ਸਰੂਪ ਗੁਰੂ ਏਕ ਸਮ ਜੋ ਜਾਨੈ ਸੇ ਹੋਰ।***
***ਏਕ ਦਸਮੇ ਗੁਰੂ ਗੁਰੂ ਗ੍ਰੰਥ ਜੀ ਬਾਣੀ ਸਤਿਗੁਰੂ ਹੇਰ।***
***(ਸੌ ਸਾਖੀ ਅਤੇ ਗੁਰ ਪ੍ਰਤਾਪ ਸੂਰਯ)***

ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਬਾਰੇ ਕਈ ਅਜਿਹੇ ਹਵਾਲਾ ਗ੍ਰੰਥ ਹਨ, ਜਿਨ੍ਹਾਂ ਵਿਚੋਂ ਇਕ ਭਾਈ ਮਨੀ ਸਿੰਘ ਜੀ ਦਾ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਹੈ, ਜਿਸ ਨੂੰ ਉਨ੍ਹਾਂ ਨੇ ਲਿਖਾਇਆ ਤੇ ਕੌਰ ਸਿੰਘ ਕਲਾਲ ਨੇ ਲਿਖਿਆ ਸੀ। ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ੪੩ ਵਰ੍ਹੇ ਬਾਅਦ ਸੰਮਤ ੧੮੦੮, ਸੰਨ ੧੭੫੧ ਨੂੰ ਲਿਖਿਆ ਗਿਆ ਸੀ, ਇਸ ਵਿਚ ਅੰਤ ਸਮੇਂ ਦਸਮੇਸ਼ ਜੀ ਦਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ

ਦਾ ਵਰਣਨ ਇਸ ਤਰ੍ਹਾਂ ਹੈ -

*ਦਸ ਅਵਤਾਰ ਗੁਪਤ ਹਵੈ ਜਾਹਿ॥*
*ਭੂਲ ਨਹਿ ਪ੍ਰਗਟੇਗੀ ਪੁਨਿ ਤਾਹਿ।*
*ਗੁਰਿਆਈ ਕਾ ਅਬ ਨਹਿ ਕਾਲ।*
*ਤਿਲਕ ਨ ਦੇਵੇਂਗੇ, ਕਿਸ ਭਾਲ।*
*ਸਰਬ ਸੁ ਸੰਗਤ ਖ਼ਾਲਸਾ ਮਾਨ।*
*ਸ੍ਰੀ ਅਸਕੇਤ ਗੋਦ ਮੈਂ ਜਾਨ।*
*ਲੜ ਪਕੜਾਇ ਸ਼ਬਦ ਦਾ ਰੂਪ।*
*ਜੋ ਮਾਨੈ ਸੋ ਸਿੰਘ ਅਨੂਪ।੯੭।*
*ਦਰਸਨ ਗੁਰੂ ਕਾ ਹੈ ਸਾਵਧਾਨ।*
*ਸ੍ਰੀ ਗ੍ਰੰਥ ਜੀ ਸਾਹਿਬ ਮਾਨ।*
*ਤਬ ਪੁਨਿ ਆਪ ਉਠੇ ਸਭ ਸੰਗਾ।*
*ਪੈਸੇ ਪਾਂਚ ਨਲੀਏਰ ਸੁ ਅੰਗਾ।੯੮।..*
*ਕਹਾ ਜੋਇ ਬਚ ਕੀਨਾ ਢਾਹੇ।*
*ਪਾਠ ਕਰੇ ਗੁਰ ਕੇ ਸੁਖ ਪਾਏ।੧੦੦।*
*ਯਾਸਮ ਔਰ ਕੋਈ ਗੁਰ ਨਾਹੀਂ।*
*ਬਿਨਾ ਕਾਨ ਸਚ ਬਾਂਕਕ ਨਾਹੀਂ।* *(ਸਫ਼ਾ ੨੪੮)*

ਇਸ ਪਿੱਛੋਂ ਦੂਜਾ ਪ੍ਰਾਚੀਨ ਗ੍ਰੰਥ ਭਾਈ ਕੇਸਰ ਸਿੰਘ ਛਿੱਬਰ ਲਿਖਤ ਹੈ, ਜੋ ਭਾਈ ਮਤੀ ਦਾਸ ਦੇ ਪੋਤਰੇ ਸਨ, ਇਸ ਗ੍ਰੰਥ ਦੀ ਰਚਨਾ ਸੰਮਤ ੧੮੨੬ ਵਿਚ ਹੋਈ। ਵਾਰਤਾ ਹੈ 'ਗੁਰੂ ਗੋਬਿੰਦ ਸਿੰਘ ਜੀ ਜਦੋਂ ਜੋਤੀ ਜੋਤਿ ਸਮਾਉਣ ਲੱਗੇ ਤਾਂ ਸਿੰਘਾਂ ਜੋ ਪੁੱਛਿਆ ਤੇ ਗੁਰੂ ਜੀ ਨੇ ਜੋ ਦੱਸਿਆ, ਉਸ ਦਾ ਸੰਖੇਪ, ਲੇਖਕ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ-

*ਦੁਇ ਜਾਮ ਰਾਤ ਗਈ ਕੁਸ਼ਾ ਵਿਛਾਈ।*
*ਸਿਖਾਂ ਹਥ ਜੋੜ ਕਰ ਬਿਨਤੀ ਪੁਛਾਈ।*
*ਗ਼ਰੀਬ ਨਿਵਾਜ ਸਿੱਖ ਸੰਗਤ ਹੈ ਤੇਰੀ ਇਸਦਾ ਕੀ ਹਵਾਲ?*
*ਬਚਨ ਕੀਤਾ, 'ਗ੍ਰੰਥ ਹੈ ਗੁਰੂ' ਲੜ ਪਕੜੋ ਅਕਾਲ।*
*(ਸਫ਼ਾ ੧੯੨)*

ਹੋਰ ਗੁਰਿਆਈ ਦਾ ਟਿੱਕਾ ਗ੍ਰੰਥ ਸਾਹਿਬ ਨੂੰ ਦੇ ਗਏ। ਪੂਜਾ ਅਸਥਾਨ ਅੰਮ੍ਰਿਤਸਰ ਜੀ ਭਏ।

*ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ,*
*ਗ੍ਰੰਥ ਸਾਹਿਬ ਨੂੰ ਦੇ ਗਿਆ।*
*ਅੱਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ*
*ਸੋਈ ਗਿਆ ਜੋ ਗ੍ਰੰਥੋਂ ਗਿਆ।* *(ਸਫ਼ਾ ੨੧੫)*

ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦੇ ਉਲੇਖ ਇਨ੍ਹਾਂ ਗ੍ਰੰਥਾਂ ਦੀਆਂ ਹੀ ਸਮਕਾਲੀ ਹੋਰ ਲਿਖਤਾਂ ਅਤੇ ਪਿੱਛੋਂ ਦੇ ਇਤਿਹਾਸ ਵਿਚ ਨਿਰੰਤਰ ਮਿਲਦੇ ਹਨ। ਸਾਰੀ ਸਮੱਗਰੀ ਇਕੱਤਰ ਕੀਤੀ ਜਾਵੇ ਤਾਂ ਇਕ ਗ੍ਰੰਥ ਬਣ ਜਾਂਦਾ ਹੈ। ਸਾਡਾ ਪ੍ਰਯੋਜਨ ਇਹ ਉਪਰਲੀਆਂ ਪ੍ਰਾਚੀਨ ਇਤਿਹਾਸਕ ਲਿਖਤਾਂ ਦੇਣ ਨਾਲ ਪੂਰਾ ਹੋ ਜਾਂਦਾ ਹੈ। ਇਨ੍ਹਾਂ ਦੀ ਲੋੜ ਵੀ ਵਧੇਰੇ ਇਸ ਕਰ ਕੇ ਪਈ ਹੈ ਕਿ ਸਿੱਖਾਂ ਦਾ ਕੁਝ ਭਾਗ ਇਕ ਪਾਸੜ ਸੋਚ ਰੱਖਣ ਕਰਕੇ ਪੰਥ ਗ੍ਰੰਥ ਦੀ ਤਾਬਿਆ ਗੁਰੂ ਮੰਨਣ ਦੀ ਥਾਂ ਕੇਵਲ ਪੰਥ ਦੇ ਹੀ ਗੁਰੂ ਮੰਨਣ ਤੇ ਪ੍ਰਚਾਰਨ ਦੇ ਖ਼ਿਆਲਾਂ ਨੂੰ ਪ੍ਰਚਾਰਦਾ ਰਿਹਾ ਹੈ। ਇਸ ਲਈ ਅਜਿਹੇ ਸੱਜਣਾਂ ਪ੍ਰਤੀ ਪ੍ਰਮਾਣੀਕ ਲਿਖਤਾਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦੀ ਗੱਲ ਪ੍ਰਗਟਾਉਣੀ ਤੇ ਦ੍ਰਿੜ੍ਹਾਉਣੀ ਅਤਿ ਜ਼ਰੂਰੀ ਸਮਝ ਕੇ ਇਸ ਪ੍ਰਾਚੀਨ ਗ੍ਰੰਥਾਂ ਵਿਚੋਂ ਹਵਾਲੇ ਦਿੱਤੇ ਗਏ ਹਨ।

ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲਿਆਂ ਅਤਿ ਸ਼ਰਧਾਲੂਆਂ ਵਿਚੋਂ ਇਕ ਭਾਗ ਅਜਿਹੇ ਸਿੱਖਾਂ ਦਾ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਣ ਦੀਆਂ ਮਹਾਨਤਾਵਾਂ ਵੀ ਸਵੀਕਾਰ ਕਰਦੇ ਹਨ ਅਤੇ ਸ਼ਰਧਾ ਵੀ ਲੋੜ ਤੋਂ ਵੱਧ ਪ੍ਰਗਟਾਉਂਦੇ ਹਨ, ਪਰ ਗੁਰੂ ਕੇ ਅਜਿਹੇ ਵਾਕਾਂ ਨੂੰ ਜਿਨ੍ਹਾਂ ਵਿਚ -

*ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ...॥*
*ਅੰਗ - ੩੧੭*

*ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥*
*ਅੰਗ - ੪੪੪*

*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥ ਅੰਗ - ੯੪*

ਆਦਿ ਹੁਕਮਾਂ ਨੂੰ ਜਿਵੇਂ ਵਾਚਦੇ ਹੀ ਨਹੀਂ।

ਕੋਈ ਵੀ ਇਲਾਹੀ ਧਰਮ ਜੇ ਉਹ ਜੀਵਨ ਵਿਚ ਢਾਲਿਆ ਜਾਣ ਵਾਲਾ ਨਾ ਹੋਵੇ, ਮਹਿਜ਼ ਗ੍ਰੰਥਾਂ ਤਕ ਸੀਮਤ ਹੋਵੇ ਤਾਂ ਉਹ ਜਿਊਂਦੇ ਮਨੁੱਖਾਂ ਦੀ ਧਰਤੀ ਉੱਤੇ ਕਿਵੇਂ ਚਲ ਸਕਦਾ ਹੈ? ਉੱਚੇ ਗਿਆਨ ਦੀਆਂ ਸਿੱਖਿਆਵਾਂ, ਕਦਰਾਂ ਤੇ ਕੀਮਤਾਂ ਸਭਨਾਂ ਧਰਮਾਂ ਦੀਆਂ ਸਮਾਨ ਹੀ ਹੋਇਆ ਕਰਦੀਆਂ ਹਨ। ਕਿਸੇ ਧਰਮ ਦੇ ਗੁਣਾਂ ਦੇ ਅਤਿ ਉੱਚੇ ਹੋਣ ਦੇ ਪ੍ਰਮਾਣ ਉਸ ਦੇ ਮੰਨਣ ਵਾਲੇ ਹੀ ਪੇਸ਼ ਕਰਦੇ ਰਹੇ ਹਨ। ਜੇ ਉੱਚ ਕਦਰਾਂ ਕੀਮਤਾਂ ਰਸ ਤੇ ਰਹੱਸ ਮਨੁੱਖੀ ਜ਼ਿੰਦਗੀ ਵਿਚ ਧਾਰਨ ਨਾ ਕਰਾਏ ਜਾਣ ਤਾਂ ਉਹ ਸਿੱਖਿਆ ਨਾ ਮਨੁੱਖੀ ਜੀਵਨ ਦਾ ਭਾਗ ਬਣਿਆ ਕਰਦੀ ਹੈ, ਨਾ ਹੀ ਜੀਵਨ ਧਾਰਾ ਦਾ ਵਗਦਾ ਪ੍ਰਵਾਹ ਬਣ ਸਕਦੀ ਹੈ। ਬੁੱਧ ਦੇ ਸੁੰਦਰ ਬਚਨ ਅਤੇ ਉਪਦੇਸ਼ ਬਹੁਤ ਸਾਰੇ ਸੋਨੇ ਚਾਂਦੀ ਉੱਤੇ ਲਿਖੇ ਹੋਏ ਕਈ''ਸਤੂਪਾਂ ਵਿਚ ਗੱਡੇ ਪਏ ਦੱਸੇ ਜਾਂਦੇ ਹਨ, ਸ਼ਿਲਾਲੇਖ ਤੇ ਸਤੰਭ-ਲੇਖ ਵੀ ਉਨ੍ਹਾਂ ਦੇ ਅਨੇਕਾਂ ਮਿਲਦੇ

ਹਨ, ਪਰ ਕੁਝ ਸਮਾਂ ਪਹਿਲਾਂ ਤਕ ਉਸ ਬੁੱਧ ਧਰਮ ਦੇ ਧਾਰਨੀ ਮਨੁੱਖ ਭਾਰਤ ਵਿਚ ਨਹੀਂ ਰਹੇ ਸਨ। ਪਹਿਲਾਂ ਤਾਂ ਕੋਈ ਭਾਰਤੀ ਬੋਧੀ ਮਿਲਦਾ ਹੀ ਨਹੀਂ ਸੀ, ਹੁਣ ਜੋ ਮਿਲਦੇ ਜਾਂ ਬਣ ਰਹੇ ਹਨ, ਉਹ ਬਹੁਤ ਅਲਪ ਮਾਤਰਾ ਵਿਚ ਹਨ। ਪ੍ਰਗਟ ਹੈ ਕਿ ਜਿਸ ਧਰਮ ਦੇ ਧਾਰਨੀ ਮਨੁੱਖ ਨਹੀਂ ਹੋਣਗੇ, ਉਸਦੇ ਗਿਆਨ ਗ੍ਰੰਥ ਕਿੰਨੇ ਹੀ ਉੱਚੇ ਤੇ ਸੁੰਦਰ ਲਿਖੇ ਹੋਵਣ ਪਰ ਉਸ ਧਰਮ ਦੇ ਉਪਦੇਸ਼ ਉਨ੍ਹਾਂ ਗ੍ਰੰਥਾਂ ਜਾਂ ਲੇਖਾਂ''ਦੀ ਸੀਮਾ ਤਕ ਹੀ ਸੀਮਤ ਰਹਿ ਜਾਂਦੇ ਹਨ।

ਗੁਰੂ ਨਾਨਕ ਜੀ ਨੇ ਅਜਿਹੇ ਕਾਰਨਾਂ ਨੂੰ ਮੁਖ ਰੱਖ ਕੇ ਹੀ ਆਪਣੇ ਸਿੱਖਾਂ ਲਈ ਨਿਜ-ਅਨੁਭਵੀ ਧਰਮ ਗ੍ਰੰਥ ਦੀ ਸਿਰਜਨਾ ਕੀਤੀ ਸੀ। ਨਾਨਕ ਪੰਥੀ ਸਿੱਖਾਂ ਦੇ ਧਰਮ ਪੰਥ ਦਾ ਨਾਂ ਗੁਰਮੁਖ ਪੰਥ ਸੀ 'ਗੁਰਮੁਖ ਪੰਥ ਚਲਾਇਅਨ'। ਦੂਜੇ ਸ਼ਬਦਾਂ ਵਿਚ ਇਸ ਪੰਥ ਦੇ ਮਾਰਗ ਉੱਤੇ ਮਿਲ ਕੇ ਚਲਣ ਵਾਲੇ ਸੋਚ ਵਿਚਾਰ ਕੇ ਗੁਰੂ ਕਾ ਮਤ ਮੁਖ ਰੱਖਣ ਵਾਲੇ ਸਿੱਖਾਂ ਦੀ ਛੋਟੀ ਇਕਾਈ ਨੂੰ 'ਸੰਗਤ' ਕਿਹਾ ਜਾਂਦਾ ਸੀ। 'ਸੰਗਤਾਂ', ਸਾਧਕਾਂ ਤੇ ਮੱਤ ਨੂੰ ਧਾਰਨ ਵਾਲੇ ਸਿੱਖਾਂ ਤੋਂ ਬਿਨਾਂ ਇਕ ਮਨੁੱਖੀ ਇਕੱਠ ਹੀ ਹੁੰਦਾ ਹੈ, ਬਲਕਿ ਕਈ ਵਾਰ ਕਬੁੱਧ ਦੀ ਜਾਗ ਲਾਉਣ ਵਾਲਾ ਵੀ ਹੁੰਦਾ ਹੈ। ਇੰਞ ਸਤ ਦਾ ਵਿਚਾਰ ਕਰਨ ਵਾਲੇ ਸਾਧਕਾਂ ਦੀ ਸੰਗਤ ਨੂੰ ਸਤਿ-ਸੰਗਤ ਜਾਂ ਸਾਧ-ਸੰਗਤ ਦੀ ਸੰਗਿਆ ਦਿੱਤੀ ਗਈ-

*ਧਰਮਸਾਲ ਕਰਤਾਰਪੁਰੁ ਸਾਧਸੰਗਤਿ ਸਚ ਖੰਡੁ ਵਸਾਇਆ॥੧॥੨੪॥ ਭਾਈ ਗੁਰਦਾਸ ਜੀ*

ਏਸੇ ਤਰ੍ਹਾਂ ਗੁਰੂ ਦੀ ਸਮੀਪਤਾ ਰੱਖਣ ਵਾਲੇ ਸਿੱਖਾਂ ਦੀ ਸੰਗਤ ਦਾ 'ਗੁਰ ਸੰਗਤ' ਨਾਮ ਪ੍ਰਵਾਣ ਕੀਤਾ ਗਿਆ। ਜਿਸ ਸੰਗਤ ਵਿਚ ਗੁਰੂ ਜੀ ਦੀ ਭੈ ਭਾਵਨਾ ਨਾ ਹੋਵੇ, ਗੁਰੂ ਦੀ ਹਜ਼ੂਰੀ ਅਨੁਭਵ ਨਾ ਕੀਤੀ ਜਾਵੇ, ਉਹ ਸੰਗਤ ਕੇਹੀ?

*ਬਿਨ ਸਤਿਗੁਰ ਸੰਗਤ ਨਾਹੀ,*
*ਬਿਨੁ ਗੁਰ ਸੰਗਤ ਨਾਹੀ ਹੋਇ।*

ਸਤਿ ਸੰਗਤ ਦੇ ਸਹੀ ਸਰੂਪ ਦੀ ਤਸ਼ਰੀਹ ਗੁਰੂ ਸਾਹਿਬਾਨ ਜੀ ਨੇ ਆਪ ਹੀ ਕਰ ਦਿੱਤੀ ਹੈ -

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥*
*ਏਕੋ ਨਾਮੁ ਹੁਕਮੁ ਹੈ ਨਾਨਕ*
*ਸਤਿਗੁਰਿ ਦੀਆ ਬੁਝਾਇ ਜੀਉ॥ ਅੰਗ - ੭੨*

ਅਜਿਹੇ ਸਾਧਕ ਸਿੱਖਾਂ ਦੀਆਂ ਸੰਗਤਾਂ ਦਾ ਜਿਵੇਂ ਪੰਥ ਬਣਿਆ, ਉਸ ਬਾਰੇ ਦਸਮੇਸ਼ ਜੀ ਨਾਲੋਂ ਵਧੇਰੇ ਹੋਰ ਕੌਣ ਠੀਕ ਤਰ੍ਹਾਂ ਦੱਸ ਸਕਦਾ ਹੈ? ਨੀ ਵਲੋਂ ਤਕ ਕਿ ਪਾਏ''ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਜੋ ਹੁਕਮ ਗੁਰਮੁਖ ਪੰਥ ਚਲਾਉਣ ਦਾ ਕੀਤਾ ਸੀ, ਮਹਿਮਾ ਪ੍ਰਕਾਸ਼ ਗ੍ਰੰਥ ਦੀ ਲਿਖਤ ਅਨੁਸਾਰ ਇਸ ਤਰ੍ਹਾਂ ਹੈ-

*ਅਬ ਜਗ ਕੋ ਉਪਦੇਸ਼ ਹਰ ਕਰੋ।*
*ਗੁਰਮੁਖ ਪੰਥ ਜਗਤ ਮੇਂ ਧਰੋ।੧੩।*
*ਅਬ ਮਰਿਆਦ ਪੰਥ ਕੀ ਕਰੋ।*
*ਯਹਿ ਆਗਿਆ ਮੇਰੀ ਧਰੋ।੧੪। (ਸਫ਼ਾ ੩੨)*

*ਮੈਂ ਨਿਜ ਸਰੂਪ ਆਪਣਾ ਤੁਮ ਜਾਨਾ।*
*ਅਬ ਲੀਨ ਹੋਵੇ ਮੈਂ ਪਦ ਨਿਰਬਾਨਾ;*
*ਹਰਿ ਕਾ ਪੰਥ ਗੁਰਮੁਖ ਜਗ ਕਰਨਾ।*
*ਦੇ ਨਾਮ ਮੰਤ੍ਰ ਤੁਮ ਜਗਤ ਉਧਰਨਾ। (ਸਫ਼ਾ ੩੪੧)*

ਦਸਮੇਸ਼ ਜੀ ਨੇ ਗੁਰੂ ਨਾਨਕ ਦੇਵ ਜੀ ਦੇ 'ਜਹਿ ਤਹਿ ਸੁਖ' ਦੇਣ ਵਾਲੇ ਇਸ ਧਰਮ ਚਲਾਉਣ ਬਾਰੇ ਇੰਞ ਵਰਣਨ ਕੀਤਾ ਹੈ -

*ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ॥*
*ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥੪॥*

*ਚੌਪਈ*

*ਤਿਨ ਇਹ ਕਲਿ ਮੋ ਧਰਮੁ ਚਲਾਯੋ।*
*ਸਭ ਸਾਧਨ ਕੋ ਰਾਹੁ ਬਤਾਯੋ।*
*ਜੋ ਤਾਂ ਕੇ ਮਾਰਗ ਮਹਿ ਆਏ।*
*ਤੇ ਕਬਹੂੰ ਨਹੀ ਕਾਲ ਸੰਤਾਏ।੫।*
*ਜੇ ਜੇ ਪੰਥ ਤਵਨ ਕੇ ਪਰੇ।*
*ਪਾਪ ਤਾਪ ਤਿਨ ਕੇ ਪ੍ਰਭ ਹਰੇ।*

ਪੰਥ ਦਾ ਪਹਿਲਾ ਅਰਥ ਹੈ ਮਾਰਗ ਤੇ ਦੂਜਾ ਮਾਰਗ ਉੱਤੇ ਚਲਣ ਵਾਲਿਆਂ ਦਾ ਸਮੂਹ। ਜੇ ਇਸ ਧਰਮ ਦੇ ਧਾਰਨੀ ਧਰਮ ਪੰਥ ਉੱਤੇ ਚਲਣ ਵਾਲੇ ਹੀ ਨਾ ਹੋਣ, ਅਤੇ ਧਰਮ ਮਾਰਗ ਦੇ ਗੁਣਾਂ ਨੂੰ ਧਾਰਨ ਕਰਦੇ ਹੋਏ ਸਭਨਾਂ ਉੱਤੇ ਸੁਖਾਵਾਂ ਪ੍ਰਭਾਵ ਨਾ ਪਾ ਸਕਣ ਅਤੇ ਧਰਮ ਗ੍ਰੰਥਾਂ ਦੀਆਂ, ਵਿਸ਼ੇਸ਼ ਕਰ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਪ੍ਰਚਾਰ ਕੇ ਜਨ ਸਮੂਹ ਨੂੰ ਇਸ ਦਾ ਅਨੁਆਈ ਨਾ ਬਣਾਉਣ ਤਾਂ ਉਹ ਪੰਥ ਕਿਸ ਲਈ ਹੋਇਆ? ਅਸਲ ਵਿਚ ਸਿੱਖੀ 'ਉਦਮੁ ਕਰੇਦਿਆ ਜੀਉ ਤੂੰ ਵਾਲਿਆਂ ਦਾ ਮਾਰਗ ਹੀ ਧਰਮ ਪੰਥ ਹੈ, ਨਾ ਕਿ ਦੁਨੀਆ ਤੋਂ ਭਾਂਜ ਖਾ ਕੇ ਇਕੱਲੇ ਹੀ ਅਨੰਦ ਮਾਣਨ ਅਤੇ ਆਪਣੇ ਨਿੱਜੀ ਸੁਖਾਂ ਲਈ ਰੁਝੇ ਰਹਿਣ ਵਾਲਿਆਂ ਦਾ -

*ਜਬ ਲਗੁ ਦੁਨੀਆ ਰਹੀਐ*
*ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ ਅੰਗ - ੬੬੧*

# ਚਵਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

*[ਗਿਆਨੀ ਜੀਤ ਸਿੰਘ ਜੀ]*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਤੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਕੀਤਾ ਤੇ ਆਪ ਗੁਰੂ ਗ੍ਰੰਥ ਸਾਹਿਬ ਜੀ ਤੋਂ ਨੀਵੇਂ ਥਾਂ ਹੋ ਬੈਠੇ, ਭਾਵ ਸ਼ਬਦ ਨੂੰ ਉੱਚਾ ਅਸਥਾਨ ਦਿੱਤਾ ਤੇ ਸਰੀਰ ਨੂੰ ਨੀਵਾਂ –

***ਪੋਥੀ ਪਰਮੇਸਰ ਕਾ ਥਾਨੁ॥ ਅੰਗ – ੧੨੨੬***

ਸ਼ਬਦ ਦਾ ਹੀ ਸਤਿਕਾਰ ਸਭ ਗੁਰੂ ਸਾਹਿਬਾਨ ਨੇ ਆਪ ਕੀਤਾ ਤੇ ਸਿੱਖਾਂ ਨੂੰ ਵੀ ਇਹੋ ਉਪਦੇਸ਼ ਦਿੱਤਾ। ਸ਼ਬਦ ਹੀ ਗੁਰੂ ਹੈ। ਗੁਰੂ ਜੋਤਿ ਸ਼ਬਦ ਹੀ ਹੈ, ਜੋ ਦਸੋਂ ਗੁਰੂ ਸਾਹਿਬਾਂ ਅੰਦਰ ਇਕ ਜੋਤਿ ਹੋ ਕੇ ਪ੍ਰਵੇਸ਼ ਕਰਦੀ ਰਹੀ। ਦਸੋਂ ਗੁਰੂ ਇਕ ਜੋਤਿ ਸਨ –

***ਸ੍ਰੀ ਨਾਨਕ ਅੰਗਦਿ ਕਰਿ ਮਾਨਾ॥***
***ਅਮਰਦਾਸ ਅੰਗਦ ਪਹਿਚਾਨਾ॥***
***ਅਮਰਦਾਸ ਰਾਮਦਾਸ ਕਹਾਯੋ॥***
***ਸਾਧਨਿ ਲਖਾ, ਮੂੜ੍ਹ ਨਹਿ ਪਾਯੋ॥੯॥***
***ਭਿੰਨ ਭਿੰਨ ਸਭਹੂੰ ਕਰ ਜਾਨਾ॥***
***ਏਕ ਰੂਪ ਕਿਨਹੂੰ ਪਹਿਚਾਨਾ॥***
***ਜਿਨ ਜਾਨਾ ਤਿਨ ਹੀ ਸਿਧ ਪਾਈ॥***
***ਬਿਨ ਸਮਝੇ ਸਿਧ ਹਾਥ ਨ ਆਈ ॥੧੦॥***

***ਬਚਿੱਤ੍ਰ ਨਾਟਕ***

ਦਸੋਂ ਸਤਿਗੁਰਾਂ ਦੀ ਇਕ ਜੋਤਿ ਸੀ ਤੇ ਉਹ ਗੁਰੂ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਅੱਗੇ ਦਸਮੇਸ਼ ਪਿਤਾ ਨੇ ਆਪ ਸਿਰ ਨਿਵਾ ਕੇ ਗੁਰਿਆਈ ਦਾ ਤਿਲਕ ਦਿੱਤਾ ਤੇ ਫ਼ੁਰਮਾਨ ਕੀਤਾ –

***ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥***

ਜੋ ਸਾਰਾ ਸਿਖ ਪੰਥ ਰੋਜ਼ ਇਹ ਦੋਹਰਾ ਦੁਹਰਾਂਦਾ ਹੋਇਆ ਪ੍ਰਵਾਨ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਹੀ ਇਸ ਵੇਲੇ 'ਚਵਰ ਤਖ਼ਤ ਦੇ ਮਾਲਕ' ਹਨ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ –

***ਵਡਾ ਤੇਰਾ ਦਰਬਾਰੁ, ਸਚਾ ਤੁਧੁ ਤਖਤੁ॥***
***ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥***

***ਅੰਗ – ੯੬੪***

ਸੋ ਤਖ਼ਤ ਉਪਰ ਤਖ਼ਤ ਦਾ ਮਾਲਕ ਹੀ ਬੈਠ ਸਕਦਾ ਹੈ –

***ਤਖਤਿ ਬਹੈ ਤਖਤੈ ਕੀ ਲਾਇਕ॥ ਅੰਗ – ੧੦੩੯***

ਸਿਖ ਧਰਮ ਦੇ ਪੰਜ ਤਖ਼ਤ ਮੰਨੇ ਗਏ ਹਨ। ਇਨ੍ਹਾਂ ਤਖ਼ਤਾਂ ਤੋਂ ਫ਼ੁਰਮਾਨ ਵੀ ਜਾਰੀ ਕੀਤੇ ਜਾਂਦੇ ਹਨ। ਇਨ੍ਹਾਂ ਤਖ਼ਤਾਂ ਉਪਰ ਤਖ਼ਤ ਦੇ ਮਾਲਕ ਨੂੰ ਸੁਭਾਇਮਾਨ ਨਹੀਂ ਕੀਤਾ ਜਾਂਦਾ, ਸ਼ਸਤਰ ਅਸਤਰ ਰੱਖੇ ਜਾਂਦੇ ਹਨ। ਸ਼ਸਤਰ ਅਸਤਰ ਤਾਂ ਸ਼ਹਿਨਸ਼ਾਹ ਦੇ ਅੱਗੇ ਭੇਟਾ ਵਜੋਂ ਹੋਰ ਭੇਟਾਵਾਂ ਸਹਿਤ ਆਉਂਦੇ ਹਨ। ਸੋ ਭੇਟਾਵਾਂ ਨੂੰ ਤਾਂ ਤਖ਼ਤਾਂ 'ਤੇ ਰੱਖਿਆ ਜਾਂਦਾ ਹੈ ਤੇ ਤਖ਼ਤ ਦੇ ਮਾਲਕ ਦਾ ਸਥਾਨ ਤਖ਼ਤ ਤੋਂ ਲਾਂਭੇ ਇਕ ਪਾਸੇ ਬਣਾ ਦਿੱਤਾ ਹੋਇਆ ਹੈ, ਜੋ ਕਿ ਭਾਰੀ ਅਪਮਾਨ ਹੈ। ਸਿਖ ਧਰਮ ਦੀ ਇਹ ਮੂਲ ਫ਼ਿਲਾਸਫ਼ੀ ਹੈ। ਜਦੋਂ ਤਕ ਤਖ਼ਤ ਉਪਰ ਅਸੀਂ ਸਬਦ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਸੁਭਾਇਮਾਨ ਨਹੀਂ ਕਰਦੇ, ਉਨਾ ਚਿਰ ਅਸਾਂ ਇਸ ਮੂਲ ਸਿਧਾਂਤ ਦੀ ਪਾਲਨਾ ਨਹੀਂ ਕੀਤੀ। ਤਖ਼ਤ ਤਾਂ ਪਾਤਸ਼ਾਹ ਲਈ ਹੁੰਦਾ ਹੈ। ਪਾਤਸ਼ਾਹ ਤੋਂ ਬਿਨਾਂ ਤਖ਼ਤ ਹੀ ਪ੍ਰਵਾਨ ਨਹੀਂ, ਸੁੰਞਾ ਪਿਆ ਹੈ।

ਸੋ ਦਾਸ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ, ਤਖ਼ਤ ਸਚਖੰਡ ਪ੍ਰਬੰਧਕ ਬੋਰਡ, ਹੈੱਡ ਪੁਜਾਰੀ ਤੇ ਸਾਰੇ ਪੰਥ ਦਾ ਧਿਆਨ ਇਸ ਪਾਸੇ ਦਿਵਾਉਂਦਾ ਹੋਇਆ ਬੇਨਤੀ ਕਰਦਾ ਹੈ ਕਿ ਜਲਦੀ ਤੋਂ ਜਲਦੀ ਇਹ ਬੇਅਦਬੀ ਦੂਰ ਕੀਤੀ ਜਾਵੇ ਅਤੇ ਤਖ਼ਤਾਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇ। ਹਾਂ, ਸ਼ਸਤਰਾਂ ਲਈ ਵੀ ਹਜ਼ੂਰ ਦੇ ਅੱਗੇ ਸੁੰਦਰ ਤੋਂ ਸੁੰਦਰ ਸਜਾਵਟ ਸਹਿਤ ਅਸਥਾਨ ਸਸ਼ੋਭਤ ਕੀਤਾ ਜਾਵੇ।

# ਗਿਆਨੀ ਦਿੱਤ ਸਿੰਘ ਜੀ ਪੰਥ ਰਤਨ

*[ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ., ਖਰੜ]*

ਸਿੰਘ ਸਭਾ ਲਹਿਰ ਦੇ ਮੋਢੀ, ਵਿਸ਼ਵ ਦੇ ਸਭ ਤੋਂ ਪਹਿਲੇ ਪ੍ਰੋਫੈਸਰ, 51 ਸਾਲ ਦੀ ਉਮਰ ਵਿੱਚ 72 ਪੁਸਤਕਾਂ ਲਿਖਣ ਵਾਲੇ, ਮਹਾਨ ਲਿਖਾਰੀ, ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸੰਸਥਾਪਕ ਮੋਢੀ ਮੈਂਬਰ, ਆਰੀਆ ਸਮਾਜ ਮੁਖੀ ਸੁਆਮੀ ਦਯਾ ਨੰਦ ਸਰਸਵਤੀ ਨੂੰ ਆਪਣੀ ਵਿਦਵਤਾ ਦੇ ਬਲਬੂਤੇ ਤੇ ਲਗਾਤਾਰ ਤਿੰਨ ਧਰਮ ਵਹਿਮਾਂ ਵਿੱਚ ਮਾਤ ਦੇਣ ਵਾਲੇ, ਵਡੇਰੇ ਕੱਦ ਦੇ ਸਮਾਜ ਸੁਧਾਰਕ, ਉੱਚੇ ਦਰਜੇ ਦੇ ਬੁਲਾਰੇ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਖਾਲਸਾ ਕਾਲਜ ਦੇ ਅਤੇ ਅਖਬਾਰ ਦੇ ਨਿਧੜਕ ਮੁੱਖ ਸੰਪਾਦਕ, ਗਿਆਨੀ ਦੀ ਪ੍ਰੀਖਿਆ ਦੁਨੀਆਂ ਵਿਚੋਂ ਸਭ ਤੋਂ ਪਹਿਲਾਂ ਪਾਸ ਕਰਨ ਵਾਲੇ, ਸਿੱਖੀ ਦੀ ਡਿੱਗ ਰਹੀ ਸ਼ਾਖ ਨੂੰ ਬਧਾਉਣ ਵਾਲੇ, ਸਿਰੜੀ ਤੇ ਸਿਦਕੀ ਯੋਧੇ, ਵਿਪਰਵਾਦੀ ਰੀਤਾਂ ਜਿਵੇਂ ਫੋਕੇ ਕਰਮ ਕਾਡਾਂ, ਫਾਲਤੂ ਦੇ ਅੰਡਬਰ, ਵਹਿਮਾਂ-ਭਰਮਾਂ, ਮੜੀ ਮਸਾਣਾਂ ਦੀ ਪੂਜਾ ਕਰਦਾ ਦੇਵੀ-ਦੇਵਤਿਆਂ ਦੀ ਪੂਜਾ ਕੁੜੀਆਰ, ਮੂਰਤੀ ਪੂਜਾ ਆਦਿ ਦੇ ਖਿਲਾਫ, ਆਪਣੇ ਲੇਖਾਂ, ਸੰਪਾਦਕਿਆਂ ਤੇ ਭਾਸ਼ਣਾਂ ਰਾਹੀਂ ਹੋਕਾ ਦੇਣ ਵਾਲੇ, ਆਖਰੀ ਸਾਹ ਤੱਕ ਸਿੱਖੀ ਦੀ ਚੜਦੀ ਕਲਾ ਲਈ ਸਿਰੜ ਤੇ ਸਿਦਕ ਨਾਲ ਲੜਨ ਵਾਲੇ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਦਾ ਜਨਮ 1850 ਈ. ਨੂੰ ਪਿਤਾ ਬਾਬਾ ਦੀਵਾਨ ਸਿੰਘ ਜੀ ਤੇ ਮਾਤਾ ਰਾਮ ਕੌਰ ਦੇ ਘਰ ਪਿੰਡ ਕਲੌੜ ਜਿਲਾ ਫਤੇਹਗੜ੍ਹ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਜੀ ਸਾਧੂ ਸੁਭਾਅ ਦੇ ਸਨ। ਜਾਤ ਦੇ ਜੁਲਾਹੇ ਸਨ।

ਮੁਢਲੀ ਸਿਖਿਆ - ਗਿਆਨੀ ਜੀ ਦੇ ਪਿਤਾ ਜੀ ਜੋ ਗੁਰਬਾਣੀ ਨੂੰ ਪੜਨਾ ਵਿਚਾਰਨਾ ਜੀਵਨ ਗੁਰਸਿੱਖੀ ਵਾਲਾ ਸੀ, ਜਿਸ ਕਰਕੇ ਸਿੱਖਿਆ ਘਰ ਤੋਂ ਆਪਣੇ ਪਿਤਾ ਜੀ ਤੋਂ ਪ੍ਰਾਪਤ ਕੀਤੀ ਸੀ। 8 ਸਾਲ ਦੀ ਉਮਰ ਵਿਚ ਘਰ ਛੱਡ ਦਿੱਤਾ। ਘਰ ਦੇ ਨੇੜੇ ਖਰੜ ਦਾ ਗੁਲਾਬਦਾਸੀਆਂ ਦੇ ਡੇਰੇ ਰਹਿਣ ਲੱਗ ਪਏ ਇਸ ਡੇਰੇ ਵਿਚ ਸੰਤ, ਸਾਧੂ ਗਿਆਨੀ ਮਹਾਪੁਰਸ਼ ਆਉਂਦੇ ਰਹਿੰਦੇ ਸਨ। ਦਿੱਤ ਰਾਮ ਜੀ ਇਨ੍ਹਾਂ ਨਾਲ ਬਹਿਸ ਵਿਚਾਰ-ਵਟਾਂਦਰਾ ਕਰਦੇ ਰਹਿੰਦੇ ਸਨ, ਉਨ੍ਹਾਂ ਦੇ ਚੰਗੇ-ਚੰਗੇ ਵਿਚਾਰ ਸੁਣਦੇ ਸਨ। ਨਤੀਜੇ ਵਜੋਂ ਉਹ ਨਿੱਕੀ ਉਮਰ ਵਿਚ ਹੀ ਬਹਿਮਾਂ ਵਿੱਚ ਰੁਚੀ ਲੈਣ ਲਗ ਪਏ ਸਨ ਤੇ ਮੁਹਾਰਤ ਹਾਸਲ ਕੀਤੀ। ਇਥੇ ਹੀ ਨੇੜੇ ਦੇ ਪਿੰਡ ਵਿੱਚ ਸਮਾਜਿਕ ਬੁਰਾਈਆਂ ਦੇ ਖਿਲਾਫ ਜਿਵੇਂ ਮੂਰਤੀ ਪੂਜਾ ਕਬਰਾਂ ਦੀ ਪੂਜਾ ਵਹਿਮਾਂ ਭਰਮਾਂ ਸ਼ਰਾਧ ਆਦਿ ਦੇ ਖਿਲਾਫ ਪ੍ਰਚਾਰ ਕਰਦੇ ਰਹਿੰਦੇ ਸਨ। ਇਥੇ ਰਹਿ ਕੇ ਉਨ੍ਹਾਂ ਨੇ ਕਈ ਗ੍ਰੰਥਾਂ ਨੂੰ ਪੜਿਆ ਤੇ ਵਿਚਾਰਿਆ। ਪੰਜਾਬੀ, ਹਿੰਦੀ, ਉਰਦੂ, ਅਰਬੀ, ਫਾਰਸੀ ਤੇ ਬ੍ਰਿਜ ਆਦਿ 6 ਭਾਸ਼ਾਵਾਂ ਦੀ ਮੁਹਾਰਤ ਹਾਸਲ ਕੀਤੀ। 19 ਸਾਲ ਦੀ ਉਮਰ ਵਿੱਚ ਭਾਈ ਸਾਹਿਬ ਲਾਹੌਰ ਚਠਿਆ ਵਾਲੇ ਲਾਹੌਰ ਚਲੇ ਗਏ। ਬਹਿਮ ਅਤੇ ਵਿਚਾਰ ਵਟਾਂਦਰੇ ਦੀ ਹੋਰ ਮਾਹਾਰਤ ਹਾਸਲ ਕੀਤੀ। ਇਥੇ ਹੀ ਉਨ੍ਹਾਂ ਦੀ ਮੁਲਾਕਾਤ ਭਾਈ ਜਵਾਹਰ ਸਿੰਘ ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਜ, ਲਾਹੌਰ ਨਾਲ ਹੋਈ।

ਵਿਆਹ - ਭਾਈ ਦਿੱਤਾ ਰਾਮ ਦਾ ਵਿਆਹ ਬੀਬੀ ਵਿਸ਼ਨ ਦੇਈ ਸਪੁੱਤਰੀ ਸੰਤ ਭਾਗ ਸਿੰਘ ਬਡਾਲਾ ਵਾਸੀ (ਖਰੜ ਨਾਲ 1872 ਈ. ਹੋਇਆ। ਆਪ ਆਪਣੀ ਪਤਨੀ ਨੂੰ ਲਾਹੌਰ ਨਾਲ ਲੈ ਗਏ ਸਨ।

1877 ਈ. ਵਿਚ ਸੁਆਮੀ ਦਯਾਨੰਦ ਨਾਲ ਤਿੰਨ ਧਾਰਮਿਕ ਬਹਿਮ - 1877 ਈ. ਗਿਆਨੀ ਦਿੱਤ ਸਿੰਘ ਜੀ ਨਾਲ ਲਾਹੌਰ ਵਿਚ ਬਹੁਤ ਵਡੇ ਪੰਡਾਲ ਵਿੱਚ ਧਾਰਮਿਕ ਮੁਦੇ ਉੱਪਰ ਵਿਚਾਰ ਵਟਾਂਦਰਾ ਹੋਇਆ। ਗਿਆਨੀ ਜੀ ਤੇਜ ਤਰਾਰ ਅਤੇ ਨਿਪੁਨ ਸਨ। ਸੁਆਮੀ ਦਯਾ ਨੰਦ ਤਿੰਨੇ ਵਾਰੀ ਉਤਰ ਨਹੀਂ ਦੇ ਸਕਿਆ ਹਾਰ ਗਿਆ। ਸੁਆਮੀ ਦੇ ਹੀ ਸਮਰਥਕਾਂ ਨੇ ਦਿੱਤਾ ਰਾਮ ਦੇ ਹਕ ਵਿਚ ਜੋਰ ਦੀਆਂ ਤਾੜੀਆਂ ਵਜਾਈਆਂ। ਸੁਆਮੀ ਹਾਰ ਮਨ ਗਿਆ, ਸੁਆਮੀ ਨੇ ਦਿੱਤਾ ਰਾਮ ਨੂੰ ਕਹਿਆ ਕਿ ਜਦ ਤਕ ਤੂੰ ਜਿੰਦਾ ਹੈ, ਪੰਜਾਬ ਵਿਚ ਨਹੀਂ

ਆਉਣਾ ਕਿਉਂਕਿ ਇਹ ਸਿੱਖੀ ਦੇ ਵਿਰੁੱਧ ਪ੍ਰਚਾਰ ਕਰਦਾ ਸੀ। ਫਿਰ ਮੁੜ ਕੇ ਇਹ ਸੁਆਮੀ ਪੰਜਾਬ ਵਿਚ ਨਹੀਂ ਆਇਆ। ਇਸ ਨੂੰ ਰਸੋਈਏ ਨੇ ਰੋਟੀ ਵਿੱਚ ਪਾਰਾ ਦੇ ਕੇ ਹੀ ਮਾਰਿਆ ਸੀ। ਇਸ ਦਾ ਸੰਸਕਾਰ ਜੈਪੁਰ ਦੇ ਗੁਰਮੁੱਖ ਸਿੰਘਾਂ ਨੇ ਕੀਤਾ ਕਿਉਂਕਿ ਸੁਆਮੀ ਨੇ ਕਹਿਆ ਸੀ ਮੇਰੇ ਸਰੀਰ ਨੂੰ ਅੰਡਾ, ਮੀਟ, ਸ਼ਰਾਬ, ਬੀੜੀ ਅਤੇ ਸਿਗਰਟ ਪੀਣ ਵਾਲਾ ਪਾਣੀ ਹੱਥ ਨਾ ਲਾਵੇ ਇਸ ਦੀ ਮੌਤ ਕੋਟਾ (ਰਾਜਸਥਾਨ) ਵਿਚ ਹੋਈ ਸੀ। ਪੰਜਾਬ ਵਿੱਚ ਆਰੀਯਾ ਸਮਾਜ ਦਾ ਬੋਲਬਾਲਾ ਦਿੱਤ ਸਿੰਘ ਜੀ ਨੇ ਭੋਗ ਪਵਾ ਦਿੱਤਾ। ਦਿੱਤ ਸਿੰਘ ਤੇ ਗੁਰਮੁਖ ਸਿੰਘ ਜੀ ਨੇ ਸਿੰਘ ਸਭਾ ਲਹਿਰ ਅਤੇ ਸਿੱਖੀ ਦਾ ਪ੍ਰਚਾਰ ਬੜੇ ਸੁਚਜੇ ਤਰੀਕੇ ਨਾਲ ਆਰੰਭ ਕਰ ਦਿੱਤਾ।

ਸਿੱਖੀ ਆਪੇ ਦੇ ਸੁਧਾਰ ਦਾ ਨਾ ਹੈ। ਅਸੀਂ ਆਪੇ ਦੇ ਸੁਧਾਰ ਦੀ ਹੋਰਾਂ ਨੂੰ ਸੁਧਾਰਨ ਅਤੇ ਸਧਾਰਨ ਦੀ ਆਦਤਨ ਗੱਲ ਕਰਦੇ ਰਹਿੰਦੇ ਹਾਂ। ਇਹ ਕੋਈ ਨਵੀਂ ਗੱਲ ਨਹੀਂ। ਹਰ ਆਦਮੀ ਹੀ ਸੁਝਾਅ ਦੇਣ ਦੀ ਵਾਦੀ ਰੱਖਦਾ ਹੈ। ਸਿੱਖੀ ਸਿਖਿਆ ਗੁਰ ਵਿਚਾਰ॥ ਸਿੱਖੀ ਗੁਰੂ ਜੀ ਦੇ ਵਿਚਾਰ ਅਨੁਸਾਰ ਹੀ ਹੋਣੀ ਚਾਹੀਦੀ ਹੈ। ਜੋ ਸਿੱਖ ਗੁਰੂ ਵਾਲਾ ਹੈ ਹੀ ਨਹੀਂ ਉਹ ਸਿੱਖੀ ਦਾ ਕੀ ਪ੍ਰਚਾਰ ਕਰੇਗਾ? ਜੋ ਆਦਮੀ ਆਪਣੇ ਪੈਰਾਂ ਤੇ ਨਹੀਂ ਖੜਾ ਹੋ ਸਕਦਾ ਉਹ ਦੂਜੇ ਦੇ ਸਹਾਰੇ ਕਿੰਨੀ ਕੁ ਵਾਟ ਕੱਢ ਸਕਦਾ ਹੈ। ਸਿੱਖੀ ਆਪਣੇ ਪੈਰਾਂ ਤੇ ਖੜੇ ਹੋਣ ਦਾ ਸੁਨੇਹਾ ਹੈ। ਅਸੀਂ ਲਿਬਾਸ ਤਾਂ ਅੰਗ੍ਰੇਜੀ ਪਾਏ ਹਨ, ਗੱਲ ਪੰਜਾਬੀ ਤੇ ਸਿੱਖੀ ਦੀ ਕਰਦੇ ਹਾਂ। ਪਹਿਲੇ ਸ਼ਾਨੋ-ਸ਼ੋਕਤ ਤੋਂ ਤਾਂ ਬਚੋ। ਬਾਣੀ ਤੇ ਬਾਣਾ ਹੋਰ ਗੱਲਾਂ ਬਾਦ ਵਿੱਚ ਪਹਿਲੇ ਅਸੀਂ ਆਪ ਗੁਰੂ ਵਾਲੇ ਅੰਮ੍ਰਿਤਧਾਰੀ ਬਣੀਏ ਅਤੇ ਗੁਰੂ ਜੀ ਦੀ ਦਰਸਾਈ ਹੋਈ ਪਵਿੱਤ੍ਰ ਰਹਿਤ ਮਰਯਾਦਾ ਵਿੱਚ ਪਰਪੱਕ ਹੋਈਏ, ਹੋਰ ਸਿੱਖਾਂ ਨੂੰ ਵੀ ਗੁਰੂ ਜੀ ਨਾਲ ਜੋੜੀਏ।

ਸਮਾਜ ਪਵਿੱਤਰ ਰਿਸ਼ਤਿਆਂ ਦੀ ਗੰਢ ਹੈ, ਇਹ ਮੀਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਪਵਿੱਤਰ ਵਿਚਾਰਾ ਦੀ ਗੰਢ ਹੈ, ਇਹ ਪੀਰੀ ਹੈ। ਸਾਨੂੰ ਗੁਰਸਿੱਖ ਬਣ ਕੇ ਨਿਮਰਤਾ ਸਹਿਤ ਬੰਦਗੀ ਮੀਰੀ-ਪੀਰੀ ਦੀ ਕਰਨੀ ਚਾਹੀਦੀ ਹੈ। ਗੁਰੂਆਂ ਦਾ ਪਵਿਤ੍ਰ ਜੀਵਨ ਸੀ ਅਤੇ ਨਿਰਕਲੰਕ ਆਪਾ ਸੀ ਨਾ ਕਿ ਉਹ ਪਾਪੀ ਜਾਂ ਕਿਸੇ ਦੀ ਰੀਸੇ ਵਰਗਾ ਨਹੀਂ ਸੀ ਆਪ ਅਕਾਲ ਪੁਰਖ ਰੂਪੀ ਸੀ। ਅਜ ਅਸੀਂ ਰਾਮਧਾਰੀਏ ਤੇ ਸਵਾਂਗੀ ਬਣਕੇ ਗੁਰੂਆਂ ਦਾ ਜਲੂਸ ਕਢਦੇ ਹਾਂ ਜੋ ਮਨਮਤ ਹੈ, ਜੋ ਪਹਿਲੇ ਗੁਰੂਆਂ ਦੇ ਦੋਖੀ ਦੁਸ਼ਮਣ ਮਸੰਦ ਬਣ ਗਏ ਸਨ, ਹੁਣ ਸਿੱਖੀ ਸਰੂਪ ਵਿੱਚ ਆਕੇ ਸਿਖੀ ਨੂੰ ਨੁਕਸਾਨ ਪਹੁੰਚਾ ਰਹੇ ਹਨ। ਨਿਜੀ ਸਵਾਰਥਾਂ ਯਾਨੀ ਕਿ ਆਪਣੇ ਫਾਇਦੇ ਲਈ। ਆਪਾਂ ਸਾਰੇ ਸਿੱਖ ਸੋਚੀਏ, ਇਕ ਸਿੱਖ ਗਲਤੀ ਕਰਦਾ ਹੈ ਤਾਂ ਸਾਰਾ ਸਿੱਖ ਪੰਥ ਭੁਗਤਦਾ ਹੈ, ਸਾਨੂੰ ਇਹੋ ਜਿਹੇ ਸਿੱਖ ਪੰਥ ਦੇ ਦੁਸ਼ਮਣਾਂ ਤੋ ਸੁਚੇਤ ਰਹਿਣਾ ਚਾਹੀਦਾ ਹੈ, ਗਿਆਨੀ ਦਿੱਤ ਸਿੰਘ ਤੇ ਗਿਆਨੀ ਗੁਰਮੁਖ ਸਿੰਘ ਜੀ ਨੇ ਜੋ ਸਿੱਖ ਕੌਮ ਦੀ ਸੇਵਾ ਕੀਤੀ ਹੈ, ਪੰਥ ਉਨ੍ਹਾਂ ਦੇ ਰਿਣੀ ਹੈ, ਉਨ੍ਹਾਂ ਦੇ ਕੀਤੇ ਹੋਏ ਸ਼ਲਾਂਘਾ ਯੋਗ ਕੰਮ ਸਾਨੂੰ ਯਾਦ ਕਰਨੇ ਅਤੇ ਉਨ੍ਹਾਂ ਤੋ ਪ੍ਰੇਰਨਾ ਲੈਣੀ ਚਾਹੀਦੀ ਹੈ, ਉਨ੍ਹਾਂ ਨੇ ਬੇਬਾਕ ਨਿਰਭੈ ਹੋ ਕੇ ਬਿਨਾ ਲਾਲਚ ਸਮਾਜ ਦੀਆਂ ਕੁਰੀਤੀਆਂ ਦੇ ਵਿਰੁੱਧ ਵੀ ਆਵਾਜ ਉਠਾਈ ਸੀ। ਬਾਬਾ ਖੇਮ ਸਿੰਘ, ਜੋ ਆਪ ਨੂੰ ਬੇਦੀ ਅੰਸ਼ ਕਹਿੰਦੇ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਗਦੇਲਾ ਤੇ ਬੈਠਦੇ ਸਨ, ਮਨਾ ਕਰਨ ਤੇ ਨਹੀਂ ਮੰਨੇ। ਦਿੱਤ ਸਿੰਘ ਤੇ ਗੁਰਮੁੱਖ ਸਿੰਘ ਜੀ ਨੇ ਗਦੇਲਾ ਖਿੱਚ ਕੇ ਬਾਹਰ ਸੁਟ ਦਿੱਤਾ ਸੀ, ਬੜੀ ਦਲੇਰੀ ਦਿਖਾਈ ਸੀ।

---

***(ਪੰਨਾ 15 ਦੀ ਬਾਕੀ)***

ਪਰ ਜਦੋਂ ਖਾਲਸੇ ਦਾ ਦਾਅ ਲੱਗਾ ਉਨ੍ਹਾਂ ਨੂੰ ਡੰਨ ਮਿਲਦੇ ਰਹੇ। ਹਮੇਸ਼ਾ ਹੀ ਪੰਥ ਦੇ ਵਿਰੋਧੀ ਜ਼ਿਆਦਾ ਹੀ ਗਿਣਤੀ ਵਿਚ ਹੁੰਦੇ ਹਨ, ਕਿਉਂਕਿ ਸਿੱਖ ਧਰਮ ਇਕ ਨਵੀਨ ਧਰਮ ਹੈ ਅਤੇ ਬਾਕੀ ਸਭ ਧਰਮਾਂ ਨਾਲੋਂ ਵਿਲੱਖਣ ਹੈ। ਇਹ ਕਿਸੇ ਦੀ ਵੀ ਈਨ ਨਹੀਂ ਮੰਨਦਾ। ਖਾਲਸਾ ਜੀ ਨੂੰ ਗੁਰੂ ਵਲੋਂ ਬਖਸਿਆਂ ਹੋਇਆ ਤਪ-ਤੇਜ, ਤਾਂ ਹੀ ਕਾਇਮ ਰਹਿ ਸਕਦਾ ਹੈ ਜੇ ਖਾਲਸਾ ਨਿਆਰਾ ਹੋ ਕੇ ਵਿਚਰੇ। ਪੰਥਕ ਆਗੂਆਂ ਅੱਗੇ ਬੇਨਤੀ ਹੈ ਕਿ ਉਹ ਕਿਸੇ ਦੂਸਰੀ ਕੌਮ ਦੀ ਦੁਬੇਲਤਾ ਨੂੰ ਨਾ ਕਬੂਲਣ, ਸਗੋਂ ਗੁਰੂ-ਹੁਕਮਾਂ ਦੀ ਪਾਲਣਾ ਕਰਨ ਅਤੇ ਪੰਥ ਵਿਚ ਫੁੱਟ ਦੀ ਥਾਂ ਪ੍ਰੇਮ-ਪਿਆਰ ਤੇ ਮੇਲ-ਮਿਲਾਪ ਦਾ ਵਾਤਾਵਰਨ ਪੈਦਾ ਕਰਨ। ਅਗਰ ਐਸਾ ਨਾ ਹੋਇਆ ਤਾਂ ਸਾਡੇ ਧਰਮ ਉਤੇ ਹਿੰਦੂ ਧਰਮ ਐਸੀ ਹਕੂਮਤ ਕਰੇਗਾ ਜੋ ਗ਼ੈਰਾਂ ਨਾਲੋਂ ਵਧ ਮੁਸੀਬਤ ਦਾ ਕਾਰਨ ਹੋਵੇਗੀ। ਇਸ ਕਰਕੇ ਅਸੀਂ ਬਿਨਾਂ ਕਿਸੇ ਲਾਲਚ ਦੇ ਸਾਰੀ ਸਿੱਖ ਸੰਗਤ ਅੰਦਰ ਢੰਡੋਰਾ ਦਈਏ ਕਿ -

***ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।***

ਇਹ ਤਾਂ ਹੀ ਕਹਿ ਸਕਦੇ ਹਾਂ ਜੋ ਸਾਡਾ ਸਿਮਰਨ ਅਭਿਆਸ ਹੋਵੇ। ਸਿਮਰਨ ਇਕ ਐਸੀ ਸ਼ਕਤੀ ਹੈ ਜਿਸ ਸਾਹਮਣੇ ਦੁਨੀਆ ਦੀ ਕੋਈ ਵੀ ਤਾਕਤ ਅੜ ਨਹੀਂ ਸਕਦੀ। ਜੇ ਦਸ ਲਖ ਨਾਲ ੪੦ ਸਿੰਘ ਮੁਕਾਬਲਾ ਕਰ ਸਕਦੇ ਹਨ ਅਤੇ ਉਨ੍ਹਾਂ ਅੱਗੇ ਹਥਿਆਰ ਨਹੀਂ ਸੁੱਟ ਸਕਦੇ ਤਾਂ ਕੀ ਸਾਡੇ ਵਿਚ ਉਹ ਸ਼ਕਤੀ ਨਹੀਂ ਆ ਸਕਦੀ। ਉਨ੍ਹਾਂ ਨੂੰ ਗੁਰੂ ਉਤੇ ਪੂਰਨ ਭਰੋਸਾ ਸੀ। ਸੋ ਖਾਲਸਾ ਜੀ ਅੰਮ੍ਰਿਤ ਛਕੋ ਤੇ ਨਾਮ ਜਪੋ।

## ਸਹਾਇਤਾ ਆਤਮ ਰੰਗ ਜੁਲਾਈ 2022 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਸਾਹਿਬ ਇੰਦਰਪਾਲ ਸਿੰਘ ਜੀ ਦੇ ਪਰਿਵਾਰ ਵੱਲੋਂ, ਸ਼ਿਮਲਾ ਸਮਾਗਮ ਤੇ | 5,100.00 |
| ◆ ਡਾ. ਜਸਪਾਲ ਜੀ, ਸ਼ਿਮਲਾ ਸਮਾਗਮ ਤੇ | 3,100.00 |
| ◆ ਭਾਈ ਸਾਹਿਬ ਜੀ, ਸ਼ਿਮਲਾ ਸਮਾਗਮ ਤੇ | 1,000.00 |
| ◆ ਬੀਬੀ ਸੁਰਜੀਤ ਕੌਰ ਜੀ, ਸ਼ਿਮਲਾ ਸਮਾਗਮ ਤੇ | 500.00 |
| ◆ ਗੁਪਤ ਸੇਵਾ, ਚੰਡੀਗੜ੍ਹ | 10,000.00 |
| **ਕੁਲ ਜੋੜ** | **29,700.00** |

### Statement of Income & Expenditure for the Month of July 2022 of *Atam Rang*

| | |
|---|---|
| 1. M/s Jai Offset Printers | 43,000.00 |
| 2. Cost of Service Stamps | 13,300.00 |
| 3. Cost of envelops & printing | 12,300.00 |
| 4. Cost of Stickers | 3,200.00 |
| 5. Previous balance | 95,222.00 |
| **Total Expenditure upto 31.07.2022** | **1,67,022.00** |
| Donation | 29,700.00 |
| Membership | - |
| Sale of Books | - |
| **Total Income** | **29,700.00** |
| **Expenditure** | **1,67,022.00** |
| **Income** | **29,700.00** |
| **Difference** | **(-) 1,37,322.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 17 ਅਗਸਤ |
| ਪੂਰਨਮਾਸ਼ੀ | 12 ਅਗਸਤ |
| ਮੱਸਿਆ | 27 ਅਗਸਤ |
| ਪੰਚਮੀ | 2 ਅਗਸਤ |
| **ਗੁਰਪੁਰਬ** | |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ | 28 ਅਗਸਤ |
| ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ | 29 ਅਗਸਤ |
| ਜੋਤਿ ਜੋਤ ਸ੍ਰੀ ਗੁਰੂ ਰਾਮ ਦਾਸ ਜੀ | 30 ਅਗਸਤ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ ’ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ ‘ਆਤਮ ਰੰਗ’ ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ

ਹਰ ਸਾਲ ਦੀ ਤਰਾਂ ਇਸ ਸਾਲ ਵੀ 1947 ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ

# ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ

**12, 13, 14 ਅਤੇ 15 ਅਗਸਤ 2022**
**ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ।**

ਇਸ ਸਮਾਗਮ ਵਿਚ ਹਾਜਰੀਆਂ ਭਰਕੇ ਅਖੰਡ ਕੀਰਤਨ ਦੇ ਲਾਹੇ ਲਵੋ ਜੀ।

## ਪ੍ਰੋਗਰਾਮ

### 12 ਅਗਸਤ 2022 ਦਿਨ ਸ਼ੁਕਰਵਾਰ

ਸਵੇਰੇ 6:30 ਤੋ 8:00 ਵਜੇ ਤਕ ਆਸਾ ਜੀ ਦੀ ਵਾਰ ਅਤੇ
ਅਰੰਭ ਸ਼੍ਰੀ ਅਖੰਡ ਪਾਠ ਸਾਹਿਬ (ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ)

ਸ਼ਾਮ 6:30 ਤੋ 9:45 ਵਜੇ ਤਕ ਸੋਦਰ ਦੀ ਚੌਕੀ
(ਉਪਰੰਤ ਅਖੰਡ ਕੀਰਤਨ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅੰਬਾਲਾ ਛਾਉਣੀ)

### 13 ਅਗਸਤ 2022 ਦਿਨ ਸਨੀਵਾਰ

ਸਵੇਰੇ 6:30 ਤੋ ਦੁਪਿਹਰ 1:00 ਵਜੇ ਤਕ ਆਸਾ ਜੀ ਦੀ ਵਾਰ ਅਤੇ
ਅਖੰਡ ਕੀਰਤਨ (ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ)

ਸ਼ਾਮ 6:30 ਤੋ 9:30 ਵਜੇ ਤਕ ਸੋਦਰ ਦੀ ਚੌਕੀ
ਉਪਰੰਤ ਅਖੰਡ ਕੀਰਤਨ (ਗੁਰਦੁਆਰਾ ਸ਼੍ਰੀ ਪੰਜੋਖਰਾ ਸਾਹਿਬ, ਅੰਬਾਲਾ )

### 14 ਅਗਸਤ 2022 ਦਿਨ ਐਤਵਾਰ

ਸਵੇਰੇ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਉਪਰੰਤ ਦਿਵਸ ਸੁਹੇਲਾ
ਦੁਪਿਹਰ 2:00 ਵਜੇ ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।

ਸਾਰਾ ਸਮਾਗਮ Live Telecast at :-
**www.akj.org and**
**Akaal Sahai Tv**

14 ਅਗਸਤ 2022 ਦਿਨ ਐਤਵਾਰ ਸ਼ਾਮ 7:30 ਅਰੰਭ

## ਰੈਣਿ ਸਬਾਈ ਕੀਰਤਨ

ਸਮਾਪਤੀ 15 ਅਗਸਤ 2022 ਦਿਨ ਸੋਮਵਾਰ ਸਵੇਰੇ 4:30 ਵਜੇ ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।



## ਅੰਮ੍ਰਿਤ ਸੰਚਾਰ

14 ਅਗਸਤ 2022 ਦਿਨ ਐਤਵਾਰ
ਸ਼ਾਮ 7:30 ਵਜੇ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।

੧) ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।
੨) ਅੰਨਦ ਕਾਰਜ ਕਰਵਾਉਣ ਵਾਲੇ ਜੋੜਿਆਂ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰਨ ਜੀ।

ਦਾਸਰੇ :- ਅਖੰਡ ਕੀਰਤਨੀ ਜਥਾ, ਅੰਬਾਲਾ ਛਾਉਣੀ ।
ਫੋਨ ਨੰ:- 94160-94103, 99962-30520
ਸਹਿਯੋਗੀ :- ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ।
(ਪ੍ਰਧਾਨ) 94160-23302

# ਅਖੰਡ ਕੀਰਤਨ ਸਮਾਗਮ

## ਮਿਤੀ 24.08.2022

## ਪਿੰਡ ਨੱਥਲਪੁਰ, ਜਿਲਾ ਰੋਪੜ

ਸਤਿਕਾਰਯੋਗ ਬਾਬਾ ਅਜੀਤ ਸਿੰਘ ਜੀ, ਨੱਥਲਪੁਰ ਵਾਲਿਆਂ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਰਾਤ 8.00 ਵਜੇ ਤੋਂ ਲੈ ਕੇ 12.00 ਵਜੇ ਤਕ ਅਖੰਡ ਕੀਰਤਨ ਸਮਾਗਮ ਮਿਤੀ 24.08.2022 ਨੂੰ ਪਿੰਡ ਨੱਥਲਪੁਰ, ਜਿਲਾ ਰੋਪੜ ਵਿਖੇ ਹੋ ਰਹੇ ਹਨ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜਰਿਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਲਵੋ ਤੇ ਅਪਣਾ ਜੀਵਨ ਸਫਲਾ ਕਰੋ।

- ਦਾਸਰੇ -

**ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ**

98143-00245, 75289-00045, 87089-58920, 99888-02622, 98153-01010

---

**ਭਾਅ ਨਰੈਣ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਮਿਤੀ 28.08.2022 ਨੂੰ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਲੁਧਿਆਣਾ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ**

ਭਾਅ ਨਰੈਣ ਸਿੰਘ ਜੀ ਦੀ ਪਿਆਰੀ ਤੇ ਮਿੱਠੀ ਯਾਦ ਵਿੱਚ ਦਿਵਸ ਸੁਹੇਲਾ ਅਖੰਡ ਕੀਰਤਨ ਮਿਤੀ 28.08.2022 ਨੂੰ ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ ਵਿਖੇ ਹੋਣਗੇ ਜਿਨ੍ਹਾਂ ਦਾ ਭੋਗ ਦੁਪਹਿਰ 1.30 ਵਜੇ ਪੈਣਗੇ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜਰਿਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਲਵੋ ਤੇ ਅਪਣਾ ਜੀਵਨ ਸਫਲਾ ਕਰੋ।

- ਦਾਸਰੇ -

**ਭਾਈ ਰਣਧੀਰ ਸਿੰਘ ਟਰੱਸਟ, ਲੁਧਿਆਣਾ**

ਭਾਈ ਦਲਜੀਤ ਸਿੰਘ ਜੀ ਭੱਟੀ - 98151-56014

## ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥



















ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 21.07.2022 ਤੋਂ ਲੈ ਕੇ 24.07.2022 ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋਡ, ਸ਼ਿਮਲਾ ਵਿਖੇ ਮਨਾਇਆ ਗਿਆ। ਇਸ ਸਾਲ ਇਹ ਸਮਾਗਮ ਖਾਸ ਤੌਰ ਤੇ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ, ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ, ਤੇ ਕਾਕਾ ਅਗੰਮਜੋਤ ਸਿੰਘ ਦਿਆਲਪੁਰ ਇਨ੍ਹਾਂ ਸਾਰੀਆਂ ਦੀ ਮਿੱਠੀ, ਪਿਆਰੀ ਤੇ ਨਿੱਘੀ ਯਾਦ ਵਿਚ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਅਖੰਡ ਕੀਰਤਨੀ ਜੱਥੇ ਦੀ ਮੈਗਜ਼ੀਨ 'ਆਤਮ ਰੰਗ' ਦੀ ਬੈਵਸਾਇਟ ਜੱਥੇ ਦੇ ਸ਼ਿਮਲਾ ਸਮਾਗਮ ਤੇ ਜਾਰੀ ਕੀਤੀ ਗਈ। ਸ਼ਿਮਲਾ ਸਮਾਗਮ ਤੇ ਸਹਿਜਧਾਰੀ ਪਰਿਵਾਰਾਂ ਦੇ 25 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਲੀਤੀ।

Registered with the Registrar
of News Papers of India
Regd. No. R-70727/99

ATAM RANG
August 2022

Postal Regd. No.
CHDG/0025/2021-23

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥

















ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 21.07.2022 ਤੋਂ ਲੈ ਕੇ 24.07.2022 ਤਕ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਾਰਟ ਰੋਡ, ਸ਼ਿਮਲਾ ਵਿਖੇ ਮਨਾਇਆ ਗਿਆ। ਇਸ ਸਾਲ ਇਹ ਸਮਾਗਮ ਖਾਸ ਤੌਰ ਤੇ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ, ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ, ਤੇ ਕਾਕਾ ਅਗੰਮਜੋਤ ਸਿੰਘ ਦਿਆਲਪੁਰ ਇਨ੍ਹਾਂ ਸਾਰੀਆਂ ਦੀ ਮਿੱਠੀ, ਪਿਆਰੀ ਤੇ ਨਿੱਘੀ ਯਾਦ ਵਿਚ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਅਖੰਡ ਕੀਰਤਨੀ ਜੱਥੇ ਦੀ ਮੈਗਜ਼ੀਨ **'ਆਤਮ ਰੰਗ'** ਦੀ ਬੈਵਸਾਇਟ ਜੱਥੇ ਦੇ ਸ਼ਿਮਲਾ ਸਮਾਗਮ ਤੇ ਜਾਰੀ ਕੀਤੀ ਗਈ। ਸ਼ਿਮਲਾ ਸਮਾਗਮ ਤੇ ਸਹਿਜਧਾਰੀ ਪਰਿਵਾਰਾਂ ਦੇ 25 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਲੀਤੀ।